# ਕੈਨੇਡਾ ਦਰਪਣ

ਨਵੰਬਰ 1-15, 1984

**November 1-15, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Nov. 1-15, 1984

Vol. 3 No. 36

# ਕੈਨੇਡਾ ਦਰਪਣ

ਕੀਮਤ 30¢ Out of Greater Vancouver Price 40¢

Second Class Mail
Reg. No. 5991

MAILING ADDRESS :
P.O. BOX 67344 STN. 'O'
VANCOUVER, B.C. V5W 3T?

Editor-in-chief(Hon.): DARSHAN GILL M.A.

THE CANADA DARPAN
Punjabi Fortnightly Newspaper

(604)321-6360

## ਇੰਦਰਾ ਗਾਂਧੀ ਦੇ ਕਤਲ ਪਿਛੋਂ

# ਭਾਰਤ ਵਿਚ ਫਿਰਕੂ ਫਸਾਦ ਭੜਕ ਉਠੇ

ਨਵੀਂ ਦਿੱਲੀ — ਭਾਰਤ ਵਿਚ ਫਿਰਕੂ ਫਸਾਦ ਭੜਕ ਪਏ ਹਨ ਜਿਨ੍ਹਾਂ ਕਾਰਨ ਗੈਰ ਸਰਕਾਰੀ ਅੰਕੜਿਆਂ ਅਨੁਸਾਰ ਮੌਤਾਂ ਦੀ ਗਿਣਤੀ 148 ਤੋਂ ਵੱਧ ਦੱਸੀ ਗਈ ਹੈ। ਸਾਰੇ ਉਤਰੀ ਭਾਰਤ ਦੇ ਮੁੱਖ ਸ਼ਹਿਰਾਂ ਵਿਚ ਕਰਫੀਊ ਲੱਗਾ ਹੋਇਆ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕਾਰਨ ਬਹੁਗਿਣਤੀ ਫਿਰਕੇ ਵਲੋਂ 'ਖੂਨ ਦਾ ਬਦਲਾ ਖੂਨ' ਦੇ ਨਾਅਰੇ ਦੇਸ਼ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ।



31 ਅਕਤੂਬਰ ਨੂੰ ਸਵੇਰੇ ਹੋਏ ਪ੍ਰਧਾਨ ਮੰਤਰੀ ਦੇ ਕਤਲ ਦੇ ਦੋਵਾਂ ਦੋਸ਼ੀਆਂ ਦੇ ਨਾਂ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਦੱਸੇ ਗਏ ਹਨ। ਦੋਵੇਂ ਪੰਜਾਬ ਦੇ ਰਹਿਣ ਵਾਲੇ ਹਨ। ਸਤਵੰਤ ਸਿੰਘ ਉਸ ਸਮੇਂ ਗੋਲੀ ਦਾ ਸ਼ਿਕਾਰ ਹੋ ਗਿਆ ਜਦਕਿ ਬੇਅੰਤ ਸਿੰਘ ਜ਼ਖਮੀ ਹਾਲਤ ਵਿਚ ਫੜਿਆ ਗਿਆ।

ਸਤਵੰਤ ਸਿੰਘ ਅਤੇ ਬੇਅੰਤ ਸਿੰਘ ਦੋਵੇਂ ਇੰਦਰਾ ਗਾਂਧੀ ਦੇ ਗਾਰਡ ਸਨ। ਸਤਵੰਤ ਸਿੰਘ ਸਿਪਾਹੀ ਸੀ ਅਤੇ ਬੇਅੰਤ ਸਿੰਘ ਸਬ-ਇਨਸਪੈਕਟਰ ਯੂਨਾਈਟਡ ਨੀਊਜ਼ ਅਨੁਸਾਰ ਦੋਵਾਂ ਦੋਸ਼ੀਆਂ ਦੇ ਪ੍ਰਵਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਕ ਤੀਜਾ ਗਾਰਡ ਵੀ ਸ਼ਾਮਲ ਸੀ ਪਰ ਉਸਨੇ ਗੋਲੀ ਨਹੀਂ ਚਲਾਈ। ਉਸ ਗਾਰਡ ਦਾ ਨਾਂ ਨਹੀਂ ਦੱਸਿਆ ਗਿਆ। ਸਤਵੰਤ ਸਿੰਘ ਗੁਰਦਾਸਪੁਰ ਦਾ ਰਹਿਣ ਵਾਲਾ ਸੀ ਜਦ ਕਿ ਬੇਅੰਤ ਸਿੰਘ ਚੰਡੀਗੜ੍ਹ ਲਾਗੇ ਦੇ ਕਿਸੇ ਪਿੰਡ ਨਾਲ ਸਬੰਧਤ ਸੀ।

## ਕਤਲ, ਲੁੱਟਮਾਰ ਦੀਆਂ ਵਾਰਦਾਤਾਂ

ਕਤਲਾਂ ਅਤੇ ਲੁੱਟਮਾਰ ਦੀਆਂ ਵਾਰਦਾਤਾਂ ਕਾਰਨ 29 ਸ਼ਹਿਰਾਂ ਵਿਚ ਇਸ ਸਮੇਂ ਕਰਫੀਊ ਲੱਗਾ ਹੋਇਆ ਹੈ। ਪੁਲਸ ਨੂੰ ਗੜਬੜ ਕਰਨ ਵਾਲਿਆਂ ਨੂੰ ਦੇਖਦੇ ਸਾਰ ਗੋਲੀ ਮਾਰਨ ਦੇ ਹੁਕਮ ਦੇ ਦਿਤੇ ਹਨ। ਇਕੱਲੇ ਦਿੱਲੀ ਸ਼ਹਿਰ ਵਿਚ ਮਰਨ ਵਾਲਿਆਂ ਦੀ ਗਿਣਤੀ 60 ਤੋਂ ਉਪਰ ਦੱਸੀ ਗਈ ਹੈ।

ਦਿੱਲੀ ਵਿਚ ਇਕ ਫਿਰਕੇ ਦੇ ਵਿਅਕਤੀ ਨੂੰ ਅੱਗ ਵਿਚ ਸੁੱਟ ਕੇ ਸਾੜ ਦੇਣ ਦੀ ਖਬਰ ਹੈ ਅਤੇ ਇਕ ਫਿਰਕੇ ਦੇ ਇਕ ਬੰਦੇ ਦਾ ਸਿਰ ਤਲਵਾਰ ਨਾਲ ਵੱਢ ਦਿਤਾ ਗਿਆ। ਸੈਂਕੜਿਆਂ ਦੀ ਗਿਣਤੀ ਵਿਚ ਜ਼ਖਮੀ ਹਸਪਤਾਲਾਂ ਵਿਚ ਪੁਚਾਏ ਜਾ ਰਹੇ ਹਨ।

## ਇੰਦਰਾ ਗਾਂਧੀ ਦੇ 22 ਗੋਲੀਆਂ

ਯੂ. ਐਨ. ਆਈ. ਦੀ ਖਬਰ ਅਨੁਸਾਰ ਇੰਦਰਾ ਗਾਂਧੀ ਦੇ 22 ਗੋਲੀਆਂ ਮਾਰੀਆਂ ਗਈਆਂ ਜਦ ਕਿ ਪਹਿਲੀਆਂ ਖਬਰਾਂ ਵਿਚ ਅੱਠ ਅਤੇ ਫਿਰ ਗੋਲੀਆਂ ਦੀ ਗਿਣਤੀ 16 ਦੱਸੀ ਗਈ ਸੀ।

## ਰਾਜੀਵ ਗਾਂਧੀ ਨੇ ਮੁਖਮੰਤਰੀ ਵਾਪਸ ਭੇਜੇ

ਨਵੀਂ ਦਿੱਲੀ ਵਿਚ ਸ੍ਰੀਮਤੀ ਗਾਂਧੀ ਦੇ ਅਫਸੋਸ ਲਈ ਪੁਜੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪੋ ਆਪਣੇ ਸੂਬੇ ਵਿਚ (ਬਾਕੀ ਪੰਨਾ 3 ਤੇ)

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL new & used FURNITURE

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਤੂਰ

# ਲੌਇਲ ਫਰਨੀਚਰ ਲਿ:

**2707 MAIN ST., VANCOUVER, B.C.**

THE HOUSE OF QUALITY FURNITURE

# ਸੇਲ ਦਾ ਆਖਰੀ ਹ.ਫਤਾ

*** SERVICE * QUALITY & * BEST PRICES**

**ਵਧੀਆ ਫਰਨੀਚਰ ਦੀ ਚੋਣ**
**'ਚੋਂ ਖ੍ਰੀਦੋ :-**

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ੍ਰੀਦਣ ਦਾ ਸੁਨਹਿਰੀ ਮੌਕਾ





**ਹਰ ਆਈਟਮ ਤੇ ਸੇਲ ਹੈ 15 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤੱਕ ਕੀਮਤਾਂ ਘੱਟ ਕਰ ਦਿੱਤੀਆਂ ਹਨ ।**

● ਵਧੀਆ ਕੁਆਲਿਟੀ ● ਵਾਜਬ ਕੀਮਤਾਂ ਤੇ
● ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

**ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇਕ ਹੀ ਨਾਮ ਯਾਦ ਰੱਖੋ**

*OPEN 7 DAYS A WEEK*

# LOYAL FURNITURE LTD

**Ph.: 879-8319** — 2707 Main Street,(at 11th Ave.) Vancouver, B.C. Loyal - The Most Trusted Name in Furniture Business. — **Ph.: 879-4813**

# ਪੰਜ ਸਿੰਘ ਸਾਹਿਬਾਨ ਵਲੋਂ ਇੰਦਰਾ ਦੇ ਕਤਲ ਦੀ ਨਿਖੇਧੀ

ਅੰਮ੍ਰਿਤਸਰ — ਸਿੱਖਾਂ ਦੇ ਤਖਤਾਂ ਦੇ ਸਿੰਘ ਸਾਹਿਬਾਨ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੀ ਸਖਤ ਨਿਖੇਧੀ ਕੀਤੀ ਹੈ। ਆਪਣੇ ਬਿਆਨ ਵਿਚ ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਅਜਿਹੇ ਕਤਲਾਂ ਲਈ ਕੋਈ ਥਾਂ ਨਹੀਂ।

# ਨਵੀਂ ਦਿੱਲੀ ਵਿਚ ਫ਼ਸਾਦ ਜ਼ੋਰਾਂ 'ਤੇ

ਇੰਦਰਾ ਗਾਂਧੀ ਦੀ ਮੌਤ ਦੀ ਖਬਰ ਸੁਣਦਿਆਂ ਹੀ ਲੋਕ ਭਾਰੀ ਗਿਣਤੀ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਪ੍ਰੈਸ ਦੀਆਂ ਖਬਰਾਂ ਅਨੁਸਾਰ ਨਵੀਂ ਦਿੱਲੀ ਵਿਚ 60 ਥਾਵਾਂ ਤੇ ਅੱਗਾਂ ਭੜਕ ਰਹੀਆਂ ਹਨ। ਗੁੱਸੇ ਵਿਚ ਆਏ ਇਕ ਫਿਰਕੇ ਦੇ ਲੋਕ ਦੂਜੇ ਫਿਰਕੇ ਵਿਰੁਧ ਅਜਿਹੀਆਂ ਕਾਰਵਾਈਆਂ ਉਤੇ ਉਤਰ ਆਏ ਹਨ।

ਫੌਜੀ ਦਸਤੇ ਦਿੱਲੀ ਵਿਚ ਗਸ਼ਤ ਕਰ ਰਹੇ ਹਨ। 120 ਦੇ ਕਰੀਬ ਵਿਅਕਤੀਆਂ ਦੇ ਇਨ੍ਹਾਂ ਫਸਾਦਾਂ ਵਿਚ ਮਾਰੇ ਜਾਣ ਦੀਆਂ ਖਬਰਾਂ ਵੀ ਹਨ। 300 ਤੋਂ ਵੱਧ ਵਿਅਕਤੀ ਜ਼ਖਮੀ ਹਾਲਤ ਵਿਚ ਹਨ।

ਬੱਸਾਂ, ਕਾਰਾਂ ਅਤੇ ਧਾਰਮਿਕ ਸਥਾਨਾਂ ਨੂੰ ਅੱਗਾਂ ਲਾਏ ਜਾਣ ਦੀਆਂ ਵੀ ਖਬਰਾਂ ਆ ਰਹੀਆਂ ਹਨ। ਜਾਪਦਾ ਹੈ ਇਸ ਸਮੇਂ ਸਾਰਾ ਭਾਰਤ ਹੀ ਅੱਗ ਦੀ ਲਪੇਟ ਵਿਚ ਹੈ।

## ਕਲਕੱਤੇ ਵਿਚ ਗੋਲੀ ਚੱਲੀ

ਭੀੜ ਨੂੰ ਖਿਡਾਉਣ ਲਈ ਕਲਕੱਤੇ ਵਿਚ ਪੁਲੀਸ ਵਲੋਂ ਗੋਲੀ ਚਲਾਉਣ ਉਤੇ ਇਕ ਵਿਅਕਤੀ ਦੀ ਮੌਤ ਹੋ ਗਈ ਹੈ।

ਫਿਰਕੂ ਫਸਾਦਾਂ ਦੀ ਖਬਰਾਂ ਲਗਾਤਾਰ ਜਾਰੀ ਹਨ।

## ਭਾਰਤ ਦੀ ਜਮਹੂਰੀਅਤ ਖਤਰੇ ਵਿਚ

ਨਵੀਂ ਦਿੱਲੀ — ਪੱਛਮੀ ਦਰਸ਼ਕਾਂ ਅਨੁਸਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਨਾਲ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਇਸ ਸਮੇਂ ਗੰਭੀਰ ਖਤਰੇ ਦਾ ਸਾਹਮਣਾ ਕਰ ਰਹੀ ਹੈ। ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਇਸ ਸਮੇਂ ਇਸ ਸੰਕਟ ਦਾ ਸਾਹਮਣਾ ਹੈ ਜਿਸਨੇ ਇੰਦਰਾ ਗਾਂਧੀ ਦੇ ਕਤਲ ਹੋਣ ਪਿਛੋਂ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਹੈ। ਦੇਸ਼ ਵਿਚ ਸ਼ਾਂਤੀ ਕਾਇਮ ਕਰਨਾ ਤੇ ਕੌਮ ਦੀ ਏਕਤਾ ਕਾਇਮ ਰੱਖਣੀ ਇਸ ਸਮੇਂ ਜ਼ਰੂਰੀ ਸਮਝਿਆ ਜਾ ਰਿਹਾ ਹੈ।

# ਜਗਜੀਤ ਸਿੰਘ ਚੌਹਾਨ ਵਲੋਂ ਫਿਰ ਧਮਕੀ

ਲੰਡਨ ਵਿਚ, ਨੀਊਜ਼ ਸਰਵਿਸ ਅਨੁਸਾਰ, ਜਗਜੀਤ ਸਿੰਘ ਚੌਹਾਨ ਨੇ ਕਿਹਾ ਕਿ ਇਹ ਕਤਲ ਦਹਿਸ਼ਤਪਸੰਦੀ ਦਾ ਪਹਿਲਾ ਕਾਰਨਾਮਾ ਹੈ ਜੋ ਭਾਰਤ ਸਰਕਾਰ ਵਿਰੁਧ ਕੀਤਾ ਗਿਆ ਹੈ। ਉਸਨੇ ਕਿਹਾ ਕਿ ਇਹ ਤਾਂ 'ਕੰਮ' ਅਜੇ ਸ਼ੁਰੂ ਹੀ ਹੋਇਆ ਹੈ।

ਨੀਊਜ਼ ਸਰਵਿਸ ਏਜੰਸੀ ਅਨੁਸਾਰ ਰਾਜੀਵ ਗਾਂਧੀ ਨੂੰ ਪਿਛਲੇ ਚਾਰ ਸਾਲ ਤੋਂ ਤਿਆਰ ਕੀਤਾ ਜਾ ਰਿਹਾ ਸੀ ਤਾਂਕਿ ਉਹ ਇੰਦਰਾ ਗਾਂਧੀ ਦਾ ਉਤਰ ਅਧਿਕਾਰੀ ਬਣ ਸਕੇ ਪਰ ਸਰਵਿਸ ਅਨੁਸਾਰ ਇਹ ਸਮਾਂ ਹੀ ਦੱਸੇਗਾ ਕਿ ਉਸ ਦੀ ਪਕੜ ਭਾਰਤ ਬਾਰੇ ਕਿੰਨੀ ਕੁ ਹੈ।

ਪਿਛਲੇ ਦੋ ਦਹਾਕਿਆਂ ਵਿਚ ਇੰਦਰਾ ਗਾਂਧੀ ਭਾਰਤੀ ਸਿਆਸਤ ਤੇ ਬੋਹੜ ਵਾਂਗ ਛਾਈ ਰਹੀ ਹੈ ਅਤੇ ਉਸਦੀ ਅਚਾਨਕ ਮੌਤ ਨਾਲ ਹਾਲਾਤ ਕੀ ਪਾਸਾ ਲੈਂਦੇ ਹਨ, ਇਹ ਸਮਾਂ ਹੀ ਦੱਸੇਗਾ।

ਵਿਰੋਧੀ ਦਲ ਦੇ ਨੇਤਾ ਚਰਨ ਸਿੰਘ ਨੇ ਕਿਹਾ ਹੈ ਕਿ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਨਾਲ ਜਮਹੂਰੀਅਤ ਨੂੰ ਧੱਕਾ ਵੱਜਾ ਹੈ ਕਿਉਂਕਿ ਇਹ ਇਕ ਪ੍ਰਵਾਰ ਦਾ ਰਾਜ ਹੀ ਚਲਿਆ ਆ ਰਿਹਾ ਹੈ।

ਲੋਕ ਸਭਾ ਦੀਆਂ ਚੋਣਾਂ 20 ਜਨਵਰੀ ਤੋਂ ਪਹਿਲਾਂ ਹੋਣੀਆਂ ਜ਼ਰੂਰੀ ਹਨ ਪਰ ਹਾਲਾਤ ਅਨੁਸਾਰ ਰਾਜਸੀ ਦਰਸ਼ਕ ਇਹ ਨਹੀਂ ਸਮਝਦੇ ਕਿ ਚੋਣਾਂ ਹੋਣਗੀਆਂ ਵੀ ਜਾਂ ਨਹੀਂ।

# ਪੰਜਾਬੀ ਮਾਰਕਿਟ ਵਿਚ ਇੰਦਰਾ ਦੀ ਮੌਤ ਤੇ ਭੰਗੜਾ

ਵੈਨਕੂਵਰ — 'ਪ੍ਰੋਵਿਨਸ' ਅਖਬਾਰ ਅਨੁਸਾਰ ਇੰਦਰਾ ਗਾਂਧੀ ਦੀ ਮੌਤ ਤੇ ਕੁਝ ਲੋਕਾਂ ਵਲੋਂ ਪੰਜਾਬੀ ਮਾਰਕਿਟ ਵਿਚ ਭੰਗੜਾ ਪਾਇਆ ਗਿਆ। 200 ਵਿਅਕਤੀ ਇਥੇ ਇਕੱਠੇ ਹੋਏ ਅਤੇ ਅਖਬਾਰ ਅਨੁਸਾਰ ਇਹ ਕਿਹਾ ਗਿਆ ਕਿ "ਸਾਡੇ ਲਈ ਇਹ ਖੁਸ਼ੀ ਦਾ ਮੌਕਾ ਹੈ।" ਨੁਮਾਇੰਦੇ ਨਾਲ ਗਲਬਾਤ ਕਰਦਿਆਂ ਇਕ ਵਿਅਕਤੀ ਨੇ ਕਿਹਾ 'ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲ ਗਈ ਹੈ।' ਉਸਦਾ ਇਸ਼ਾਰਾ ਹਰਿਮੰਦਰ ਸਾਹਿਬ ਉਤੇ ਇੰਦਰਾ ਸਰਕਾਰ ਵਲੋਂ ਕੀਤੇ ਗਏ ਹਮਲੇ ਵੱਲ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ 'ਬਦਲਾ' ਲੈ ਲਿਆ ਹੈ।

ਪ੍ਰੋਵਿਨਸ ਅਖਬਾਰ ਨੇ ਆਪਣੀ ਸੁਰਖੀ ਵਿਚ ਕਿਹਾ ਹੈ ਕਿ 'ਸਿੱਖ ਖੁਸ਼ੀ ਨਾਲ ਨੱਚੇ'— ਪਟਾਕੇ ਚਲਾਏ ਗਏ।

ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਹਰ ਵਿਅਕਤੀ ਇਸ ਕਤਲ ਤੇ ਖੁਸ਼ ਨਹੀਂ ਹੈ। ਇਕ ਸਿੱਖ ਲੀਡਰ ਨੇ ਕਿਹਾ "ਮੈਂ 6 ਜੂਨ ਨੂੰ ਵੀ ਰੋਇਆ ਸਾਂ, ਮੈਂ ਅੱਜ ਵੀ ਰੋ ਰਿਹਾ ਹਾਂ।" ਅਖਬਾਰ ਨੇ ਉਸ ਸਿੱਖ ਲੀਡਰ ਦਾ ਨਾਂ ਨਹੀਂ ਦਿਤਾ। ਉਸਨੇ ਅੱਗੇ ਕਿਹਾ, "ਤੁਹਾਡਾ ਦੇਸ਼ ਟੁਕੜੇ ਟੁਕੜੇ ਹੋ ਰਿਹਾ ਹੈ, ਇਸ ਵਿਚ ਖੁਸ਼ੀ ਵਾਲੀ ਕਿਹੜੀ ਗੱਲ ਹੈ?"



— ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ 31 ਅਕਤੂਬਰ ਨੂੰ ਹੋਏ ਕਤਲ ਪਿਛੋਂ ਭਾਰਤ ਦੇ ਦੂਜਿਆਂ ਸੂਬਿਆਂ ਬਿਹਾਰ, ਉੜੀਸਾ, ਉਤਰ ਪ੍ਰਦੇਸ਼, ਜੰਮੂ ਕਸ਼ਮੀਰ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚ ਫਿਰਕੂ ਫਸਾਦ ਭੜਕ ਪਏ ਹਨ। ਭਾਰਤ ਦੇ ਨਵੇਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਲੋਕਾਂ ਨੂੰ ਟੀ. ਵੀ. ਤੇ ਆਲ ਇੰਡੀਆ ਉਤੇ ਅਪੀਲ ਕੀਤੀ ਹੈ ਕਿ ਸ਼ਾਂਤੀ ਦਾ ਵਾਤਾਵਰਣ ਬਣਾਇਆ ਜਾਵੇ।

# ਇੰਦਰਾ ਗਾਂਧੀ ਦੇ ਕਤਲ ਪਿੱਛੇ ਕਿਸ ਦਾ ਹੱਥ?

ਨਵੀਂ ਦਿੱਲੀ — ਇੰਦਰਾ ਗਾਂਧੀ ਦੇ ਕਤਲ ਪਿੱਛੇ ਇਕ ਗੰਭੀਰ ਸਾਜ਼ਿਸ਼ ਦਾ ਪਰਦਾ ਫਾਸ਼ ਹੋਣ ਦੀਆਂ ਸੰਭਾਵਨਾਵਾਂ ਹਨ। ਕੁਝ ਸੂਤਰਾਂ ਅਨੁਸਾਰ ਇਹ 'ਅੰਤਰਰਾਸ਼ਟਰੀ ਸਾਜ਼ਿਸ਼' ਦਾ ਹਿਸਾ ਹੈ ਅਤੇ ਇਸ ਬਾਰੇ ਇਕ ਬਦਨਾਮ ਏਜੰਸੀ ਦਾ ਨਾਂ ਵੀ ਲਿਆ ਜਾ ਰਿਹਾ ਹੈ।

## ਰੂਸ ਦੇ ਅਖਬਾਰ 'ਪ੍ਰਾਵਦਾ' ਦਾ ਦੋਸ਼

ਰੂਸ ਦੇ ਅਖਬਾਰ ਪ੍ਰਾਵਦਾ ਨੇ ਅਮਰੀਕਾ ਦੀ ਏਜੰਸੀ ਸੀ. ਆਈ. ਏ. ਤੇ ਦੋਸ਼ ਲਾਇਆ ਹੈ ਕਿ ਇਹ ਏਜੰਸੀ ਭਾਰਤ ਵਿਚ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਭਾਰਤ ਦੇ ਟੋਟੇ ਟੋਟੇ ਕਰਨ ਵਿਚ ਰੁਝੀ ਹੋਈ ਹੈ।

## ਅਮਰੀਕੀ ਦੂਤ-ਘਰਾਂ ਸਾਹਮਣੇ ਵਿਖਾਵੇ

ਖਬਰਾਂ ਅਨੁਸਾਰ ਨਵੀਂ ਦਿੱਲੀ ਅਤੇ ਕਲਕੱਤਾ ਵਿਚ ਅਮਰੀਕੀ ਦੂਤ-ਘਰਾਂ ਦੇ ਸਾਹਮਣੇ ਵਿਖਾਵੇ ਹੋਏ ਹਨ ਅਤੇ ਵਿਖਾਵਾਕਾਰੀਆਂ ਨੇ ਦੋਸ਼ ਲਾਇਆ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੇ ਅਮਰੀਕਾ ਦੀਆਂ ਖੁਫੀਆ ਏਜੰਸੀਆਂ ਦਾ ਹੱਥ ਹੈ।

(ਪੰਨਾ 1 ਦੀ ਬਾਕੀ)

ਹਾਲਤ ਨੂੰ ਕੰਟਰੋਲ ਹੇਠ ਲਿਆਉਣ ਲਈ ਵਾਪਸ ਭੇਜ ਦਿਤਾ। ਸ੍ਰੀਮਤੀ ਗਾਂਧੀ ਦੀ ਦੇਹ ਦਾ ਸਸਕਾਰ ਸ਼ਨਿਚਰਵਾਰ ਹੋਵੇਗਾ।

## ਬਦੇਸ਼ੀ ਲੀਡਰ ਪਹੁੰਚਣੇ ਸ਼ੁਰੂ

ਸੰਸਾਰ ਦੇ 122 ਦੇਸ਼ਾਂ ਦੇ ਨੁਮਾਇੰਦੇ ਸ੍ਰੀਮਤੀ ਗਾਂਧੀ ਦੇ ਸਸਕਾਰ ਵਿਚ ਸ਼ਾਮਲ ਹੋਣ ਲਈ ਪਹੁੰਚਣੇ ਸ਼ੁਰੂ ਹੋ ਗਏ ਹਨ। ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ, ਕੈਨੇਡਾ ਸਰਕਾਰ ਦੀ ਪ੍ਰਤੀਨਿਧਤਾ ਕਰਨਗੇ ਜਦਕਿ ਇੰਗਲੈਂਡ ਦੀ ਨੁਮਾਇੰਦਗੀ ਸ਼ਹਿਜ਼ਾਦੀ ਏਨ ਕਰੇਗੀ ਜੋ ਪਹਿਲਾਂ ਹੀ ਭਾਰਤ ਵਿਚ ਹੈ। ਅਮਰੀਕਾ ਦੇ ਬਦੇਸ਼ ਸਕੱਤਰ ਜੌਰਜ ਸ਼ੁਲਟਜ਼ ਅਤੇ ਸੋਵੀਅਤ ਰੂਸ ਦੇ ਮਨਿਸਟਰਾਂ ਦੀ ਕੌਂਸਲ ਦੇ ਚੇਅਰਮੈਨ ਤੀਖਾਨੋਵ ਪਹੁੰਚ ਰਹੇ ਹਨ।

## 1947 ਵਾਲੀ ਹਾਲਤ

ਦਿੱਲੀ ਵਿਚ ਹਿੰਦੂ ਅਤੇ ਸਿੱਖਾਂ ਵਿਚਕਾਰ ਲੜਾਈ 1947 ਦੇ ਹਾਲਾਤ ਵਰਗਾ ਰੂਪ ਧਾਰ ਰਹੀ ਨਜ਼ਰ ਆਉਂਦੀ ਹੈ। ਯੂ. ਐਨ. ਆਈ. ਦੀ ਖਬਰ ਅਨੁਸਾਰ ਲੁੱਟਮਾਰ, ਗੋਲੀਆਂ, ਘਰਾਂ ਅਤੇ ਦੁਕਾਨਾਂ ਦਾ ਜਲਾਏ ਜਾਣਾ ਸਭ ਕੁਝ ਇਸ ਸਮੇਂ ਵਾਪਰ ਰਿਹਾ ਹੈ। ਇਸ ਸਮੇਂ ਰਾਜਧਾਨੀ ਵਿਚ ਬਹੁਤ ਥਾਵਾਂ ਤੇ ਅੱਗਾਂ ਹੀ ਅੱਗਾਂ ਨਜ਼ਰ ਆਉਂਦੀਆਂ ਹਨ ਅਤੇ ਅੱਗ ਬੁਝਾਉਣ ਵਾਲੇ ਇੰਜਣਾਂ ਨੂੰ ਵੀ ਅੱਗਾਂ ਲਾਈਆਂ ਜਾ ਰਹੀਆਂ ਹਨ।

ਲੁਟਮਾਰ ਅਤੇ ਛੁਰੇ ਮਾਰਨ ਦੀਆਂ ਘਟਨਾਵਾਂ ਖਾਸਕਰ ਮੱਧ ਪ੍ਰਦੇਸ਼ ਵਿਚ ਜਬਲਪੁਰ, ਉਤਰ ਪ੍ਰਦੇਸ਼ ਵਿਚ ਕਾਨ੍ਹਪੁਰ ਅਤੇ ਪੱਛਮੀ ਬੰਗਾਲ ਦੇ ਸ਼ਹਿਰ ਕਲਕੱਤਾ ਵਿਚ ਭਾਰੀ ਗਿਣਤੀ ਵਿਚ ਹੋ ਰਹੀਆਂ ਹਨ। ਇਥੇ ਫੌਜ ਬੁਲਾ ਲਈ ਗਈ ਹੈ। 55 ਮੌਤਾਂ ਮੱਧ ਪ੍ਰਦੇਸ਼, ਪੱਛਮੀ ਬੰਗਾਲ, ਕਸ਼ਮੀਰ, ਉਤਰਪ੍ਰਦੇਸ਼, ਤਾਮਿਲਨਾਡੂ ਅਤੇ ਕੇਰਲਾ ਦੇ ਸੂਬਿਆਂ ਵਿਚ ਵਾਪਰੀਆਂ ਹਨ। ਹਰਿਆਣਾ ਅਤੇ ਆਂਧਰਾ ਪ੍ਰਦੇਸ਼ ਵੀ ਅੱਗ ਦੀ ਲਪੇਟ ਵਿਚ ਆ ਰਹੇ ਹਨ।

ਰਾਜੀਵ ਗਾਂਧੀ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ 'ਖੂਨ ਦਾ ਬਦਲਾ ਖੂਨ' ਦੇ ਨਾਅਰੇ ਬੰਦ ਕਰੋ।

ਇੰਦਰਾ ਗਾਂਧੀ ਦਾ ਸਸਕਾਰ ਯਮਨਾ ਲਾਗੇ ਸ਼ਾਂਤੀਵਨ ਵਿਚ ਕੀਤਾ ਜਾਵੇਗਾ ਜਿਥੇ ਉਸਦੇ ਪਿਤਾ ਨਹਿਰੂ ਦਾ ਅੰਤਮ ਸਸਕਾਰ ਕੀਤਾ ਗਿਆ ਸੀ।


## ਦੋ ਸੇਲਜ਼ਮੈਨਾਂ ਦੀ ਲੋੜ

ਇਕ ਬਿਜ਼ਨਿਸ ਲਈ ਦੋ ਸੇਲਜਮੈਨਾਂ ਦੀ ਲੋੜ ਹੈ। ਉਮੀਦਵਾਰ ਨੂੰ ਪੰਜਾਬੀ ਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਚੰਗੀ ਤਰ੍ਹਾਂ ਆਉਣੀਆਂ ਜ਼ਰੂਰੀ ਹਨ। ਟਰੇਨਿੰਗ ਦਿਤੀ ਜਾਵੇਗੀ। ਚਿੱਠੀ ਪੱਤਰ ਇਸ ਪਤੇ ਤੇ ਕਰੋ:

A.S.C. (1061)
C/O CANADA DARPAN
P.O.BOX 67344 STN. 0
Vancouver, B.C.



# S. & S. INSURANCE

**6658 Main St. Vancouver**

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE

* FINANCING AVAILABLE
* SAFE DRIVING DISCOUNT (if eligible)

**Ph. 324-5711**



ਹਰਦੇਵ ਸਿੰਘ ਗਿੱਲ

324-5711

# ਪ੍ਰਸਿੱਧ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਉਤੇ ਕਾਤਲਾਨਾ ਹਮਲੇ ਦੀ ਸਖਤ ਨਿਖੇਧੀ

## ਦੋਸ਼ੀਆਂ ਦੀ ਭਾਲ ਲਈ ਪੁਲਸ ਸਰਗਰਮ

ਵੈਨਕੂਵਰ — 19 ਅਕਤੂਬਰ 1984 ਨੂੰ ਡਾਊਨਟਾਊਨ ਵੈਨਕੂਵਰ ਵਿਚ Sears ਦੀ ਬਿਲਡਿੰਗ ਵਿਚ ਸਥਿਤ ਬੀ. ਸੀ. ਹਾਈਡਰੋ ਦੇ ਦਫਤਰ ਸਾਹਮਣੇ ਪ੍ਰਸਿੱਧ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਉਤੇ ਤਿੰਨ ਵਿਅਕਤੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਉਸ ਸਮੇਂ ਸ੍ਰੀ ਰਾਮਪੁਰੀ ਆਪਣੇ ਦਫਤਰ ਵਿਚ ਕੰਮ ਲਈ ਪੁਜੇ ਹੀ ਸਨ ਜਿਥੇ ਉਹ ਡਰਾਫਟਸਮੈਨ ਵਜੋਂ ਕੰਮ ਕਰਦੇ ਹਨ।

ਤਿੰਨ ਵਿਅਕਤੀਆਂ ਨੇ ਉਸ ਸਮੇਂ ਹਮਲਾ ਕੀਤਾ ਜਿਸ ਸਮੇਂ ਉਹ ਆਪਣੇ ਦਫਤਰ ਵਿਚ ਵੜਨ ਲੱਗੇ ਸਨ। ਉਨ੍ਹਾਂ ਨੂੰ ਧੱਕੇ ਮਾਰ ਕੇ ਥੱਲੇ ਸੁਟਿਆ ਗਿਆ ਅਤੇ ਛਾਤੀ ਅਤੇ ਸਿਰ ਵਿਚ ਠੁਡੇ ਮਾਰੇ ਗਏ। ਉਸ ਬਿਲਡਿੰਗ ਵਿਚ ਤਾਈਨਾਤ ਦੋ ਸਕਿਉਰਿਟੀ ਗਾਰਡਾਂ ਦੇ ਲਲਕਾਰਨ ਤੇ ਦੋਸ਼ੀ ਭੱਜ ਉਠੇ ਅਤੇ ਦੋਵਾਂ ਗਾਰਡਾਂ ਨੇ ਦੋਸ਼ੀਆਂ ਦਾ ਪਿਛਾ ਕੀਤਾ ਪਰ ਉਹ ਲੇਨ ਵਿਚ ਖੜ੍ਹੀ ਕੀਤੀ ਕਾਰ ਉਤੇ ਫਰਾਰ ਹੋ ਗਏ।

## ਕਾਰ ਦਾ ਨੰਬਰ ਲਿਆ ਗਿਆ

ਸਕਿਉਰਿਟੀ ਗਾਰਡਾਂ ਨੇ ਕਾਰ ਦਾ ਨੰਬਰ ਨੋਟ ਕਰ ਲਿਆ ਪਰ ਪੁਲਸ ਦੀ ਸੂਚਨਾ ਅਨੁਸਾਰ ਕਾਰ ਤੇ ਲਾਈ ਗਈ ਪਲੇਟ ਵੀ ਚੋਰੀ ਦੀ ਪਲੇਟ ਨਿਕਲੀ ਹੈ ਪਰ ਕਾਰ ਦਾ ਰੰਗ ਤੇ ਹੋਰ ਜਾਣਕਾਰੀ ਉਤੇ ਆਧਾਰਿਤ ਸਬੂਤਾਂ ਨੂੰ ਵਰਤ ਕੇ ਪੁਲਸ ਕਾਰ ਦਾ ਪਤਾ ਕਰਨ ਵਿਚ ਕਾਮਯਾਬ ਹੋ ਸਕਦੀ ਹੈ।

## ਹਮਲਾਆਵਰ ਕੌਣ ਸਨ?

ਸਕਿਉਰਿਟੀ ਗਾਰਡਾਂ ਵਲੋਂ ਪੁਲਸ ਨੂੰ ਉਨ੍ਹਾਂ ਹਮਲਾਆਵਰਾਂ ਦੇ ਪਾਏ ਕਪੜਿਆਂ ਤੇ ਉਹ ਕਿਸ ਫਿਰਕੇ ਨਾਲ ਸਬੰਧਤ ਹਨ ਬਾਰੇ ਜਾਣਕਾਰੀ ਦੇ ਦਿਤੀ ਗਈ ਹੈ ਅਤੇ ਪੁਲਸ ਦੋਸ਼ੀਆਂ ਨੂੰ ਫੜਨ ਲਈ ਸਰਗਰਮ ਹੈ।

## ਕੈਨੇਡੀਅਨ ਮੀਡੀਏ ਦਾ ਪ੍ਰਤੀਕਰਮ

ਬੀ. ਸੀ. ਦੇ ਪ੍ਰਸਿੱਧ ਅਖਬਾਰ 'ਸਨ' ਨੇ ਆਪਣੇ 20 ਅਕਤੂਬਰ 1984 ਦੀ ਖਬਰ ਵਿਚ ਲਿਖਿਆ ਹੈ ਕਿ 'ਲੋਅਰ ਮੇਨ ਲੈਂਡ ਦੀ ਵੱਡੀ ਸਿੱਖ ਕਮਿਊਨਿਟੀ ਨੂੰ ਸ਼ੁਕਰਵਾਰ ਨੂੰ ਇਕ ਪ੍ਰਸਿਧ ਲੇਖਕ ਅਤੇ ਕਵੀ ਦੇ ਪੰਜਾਬ ਵਿਚ ਹਿੰਸਾ ਬਾਰੇ ਲਿਖੇ ਲੇਖ ਕਾਰਨ ਉਤੇ ਕੀਤੇ ਗਏ ਹਮਲੇ ਕਾਰਨ ਇਕ ਝਟਕਾ ਵੱਜਾ ਹੈ।'

ਕੈਨੇਡਾ ਦੇ ਪ੍ਰਸਿਧ ਅਖਬਾਰ 'ਗਲੋਬ ਐਂਡ ਮੇਲ' ਨੇ ਵੀ ਇਸੇ ਤਰ੍ਹਾਂ ਦੇ ਹਮਲੇ ਦਾ ਗੰਭੀਰ ਨੋਟਿਸ ਲਿਆ ਹੈ।

ਸੀ. ਬੀ. ਸੀ. ਦੇ ਟੈਰੀ ਡੋਲਨ ਨੇ ਗੁਰਚਰਨ ਰਾਮਪੁਰੀ ਦੇ ਘਰ ਜਾ ਕੇ ਇਸ ਨਿੰਦਣਯੋਗ ਹਮਲੇ ਬਾਰੇ ਸ੍ਰੀ ਰਾਮਪੁਰੀ ਦੀ ਇੰਟਰਵੀਊ ਰੀਕਾਰਡ ਕੀਤੀ ਜੋ 21 ਅਕਤੂਬਰ ਨੂੰ ਖਬਰਾਂ ਵਿਚ ਦਿਖਾਈ ਗਈ।

ਸੀ. ਕੇ. ਵੀ. ਯੂ. ਦੇ ਜਰਨਲਿਸਟ ਸ੍ਰੀ ਲਾਰੀਏ ਨੇ ਸ੍ਰੀ ਰਾਮਪੁਰੀ ਦੀ 10 ਮਿੰਟ ਦੀ ਇੰਟਰਵੀਊ ਕੀਤੀ ਅਤੇ ਕਿਹਾ ਕਿ ਕੈਨੇਡਾ ਵਿਚ ਲਿਖਣ ਅਤੇ ਬੋਲਣ ਦੀ ਆਜ਼ਾਦੀ ਉਤੇ ਹਮਲੇ ਕਰਨ ਵਾਲੇ ਲੋਕਾਂ ਦੀ ਇਸ ਸਮਾਜ ਵਿਚ ਕੋਈ ਥਾਂ ਨਹੀਂ। ਉਸਨੇ ਆਪਣੇ ਇੰਟਰਵੀਊ ਦੇ ਅੰਤ ਉਤੇ ਅਜਿਹੇ ਅਨਸਰ ਨੂੰ ਚਿਤਾਵਨੀ ਦਿਤੀ ਕਿ ਕੈਨੇਡਾ ਦੇ ਲੋਕ ਅਜਿਹੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰਨਗੇ।

29 ਅਕਤੂਬਰ ਦੇ 'ਸਨ' ਵਿਚ ਕੈਨੇਡੀਅਨ ਲੇਖਕ ਆਰ. ਏ. ਕਵਾਲੀਲਕ ਨੇ ਇਕ ਖਤ ਲਿਖਿਆ ਹੈ ਕਿ "ਹੁਣੇ ਹੀ ਹੋਏ ਲੇਖਕ ਗੁਰਚਰਨ ਸਿੰਘ ਰਾਮਪੁਰੀ ਉਤੇ ਹਮਲੇ ਨੇ ਸਾਨੂੰ ਯਾਦ ਕਰਾ ਦਿਤਾ ਹੈ ਕਿ ਇਹ ਇਥੇ ਵੀ ਹੋ ਸਕਦਾ ਹੈ : ਅਤਿਵਾਦੀ ਸਾਡੇ ਸ਼ਹਿਰ ਵਿਚ ਵੀ ਇਹ ਕੁਝ ਕਰ ਸਕਦੇ ਹਨ, ਸਾਡੇ ਆਪਣੇ ਘਰਾਂ ਵਿਚ ਉਹ ਹਮਲੇ ਕਰਦੇ ਹਨ ਅਤੇ ਜੋ ਸ਼ਾਂਤੀ ਅਤੇ ਤਰਕ ਦੀ ਖਾਤਰ ਬੋਲਦੇ ਹਨ, ਉਨ੍ਹਾਂ ਨੂੰ ਕੁੱਟ ਵੀ ਸਕਦੇ ਹਨ।"

ਮਿ: ਕਵਾਲੀਲਕ ਅਗੇ ਲਿਖਦੇ ਹਨ "ਲਿਖਣ ਦੀ ਆਜ਼ਾਦੀ ਆਜ਼ਾਦ ਸਮਾਜ ਅਤੇ ਸਿਰਜਨਾਤਮਕ ਕਲਚਰ ਲਈ ਜ਼ਰੂਰੀ ਹੈ। ਰਾਮਪੁਰੀ ਵਰਗੇ ਲੇਖਕ ਇਸ ਗੱਲ ਨੂੰ ਸਮਝਦੇ ਹਨ ਤੇ ਸਾਡੇ ਦੁਸ਼ਮਣਾਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ।

ਇਕ ਵੀ ਵਿਅਕਤੀ ਨੂੰ ਧਮਕਾ ਕੇ ਚੁਪ ਕਰਾਉਣਾ ਸਿਰਜਨਾਤਮਕ ਵਿਚਾਰਾਂ ਦਾ ਗਲਾ ਘੁਟਣਾ ਹੈ। ਅਜਿਹੇ ਵਿਚਾਰਾਂ ਤੋਂ ਬਿਨਾਂ ਡੈਮੋਕਰੇਸੀ ਖਤਮ ਹੋ ਜਾਵੇਗੀ ਅਤੇ ਲੋਕ ਘੱਟ ਗਿਣਤੀ ਦੀ ਡਿਕਟੇਟਰਸ਼ਿਪ ਦਾ ਸ਼ਿਕਾਰ ਹੋ ਜਾਣਗੇ

## ਸੁਖਵੰਤ ਹੁੰਦਲ ਨੂੰ ਵੀ ਧਮਕੀਆਂ

ਲੋਕ ਸਦਭਾਵਨਾ ਮੰਚ ਦੇ ਬੁਲਾਰੇ ਸੁਖਵੰਤ ਹੁੰਦਲ ਨੂੰ 19 ਅਕਤੂਬਰ ਨੂੰ ਫੋਨ ਉਤੇ ਧਮਕੀਆਂ ਦਿਤੀਆਂ ਗਈਆਂ। ਲੋਕ ਸਦਭਾਵਨਾ ਮੰਚ ਕਮਿਉਨਿਟੀ ਵਿਚ ਏਕਤਾ ਦਾ ਮੁਦੱਈ ਹੈ। ਜਾਣਕਾਰ ਸੂਤਰਾਂ ਅਨੁਸਾਰ ਜੋ ਅਨਸਰ ਕਮਿਊਨਿਟੀ ਵਿਚ ਏਕਤਾ ਨਹੀਂ ਚਾਹੁੰਦਾ ਉਹ ਏਕਤਾ ਦੇ ਮੁਦੱਈਆਂ ਨੂੰ ਡਰਾ ਧਮਕਾ ਕੇ ਚੁੱਪ ਕਰਾਉਣਾ ਚਾਹੁੰਦਾ ਹੈ। 'ਸਨ' ਅਖਬਾਰ ਅਨੁਸਾਰ ਸੁਖਵੰਤ ਹੁੰਦਲ ਨੂੰ ਧਮਕੀਆਂ ਉਸ ਸਮੇਂ ਦਿਤੀਆਂ ਗਈਆਂ ਜਿਸ ਸਮੇਂ ਡਾਊਨਟਾਊਨ ਵਿਚ ਰਾਮਪੁਰੀ ਤੇ ਹਮਲਾ ਹੋਇਆ।

## ਗੁਰਚਰਨ ਰਾਮਪੁਰੀ ਦਾ ਬਿਆਨ

ਗੁਰਚਰਨ ਰਾਮਪੁਰੀ ਅਨੁਸਾਰ ਇਹ ਹਮਲਾ ਉਨ੍ਹਾਂ ਦੇ ਲਿਖੇ ਲੇਖ 'ਪੰਜਾਬ ਦਾ ਅਜੋਕਾ ਦੁਖਾਂਤ' ਕਾਰਨ ਕੀਤਾ ਗਿਆ ਕਿਉਂਕਿ ਹੋਰ ਅਜਿਹਾ ਕੋਈ ਕਾਰਨ ਨਹੀਂ। ਇਹ ਲੇਖ 'ਕੈਨੇਡਾ ਦਰਪਣ' ਅਤੇ ਲੰਡਨ ਤੋਂ ਛਪਦੇ 'ਦੇਸ ਪ੍ਰਦੇਸ' ਵਿਚ ਵੀ ਛਪਿਆ ਹੈ। ਉਨ੍ਹਾਂ ਕਿਹਾ ਕਿ ਉਸ ਲੇਖ ਵਿਚ ਪਿਛਲੇ 60 ਸਾਲਾ ਇਤਿਹਾਸ ਦਾ ਲੇਖਾਜੋਖਾ ਹੀ ਕੀਤਾ ਗਿਆ ਹੈ।

ਸ੍ਰੀ ਰਾਮਪੁਰੀ ਨੇ ਕਿਹਾ ਕਿ ਜੇ ਅਜਿਹੇ ਅਨਸਰ ਨੂੰ ਕਾਨੂੰਨੀ ਢੰਗ ਨਾਲ ਨਾ ਰੋਕਿਆ ਗਿਆ ਤਾਂ ਹੋਰ ਵੀ ਲੇਖਕਾਂ ਉਤੇ ਅਜਿਹੇ ਜਿਸਮਾਨੀ ਹਮਲੇ ਹੋਣਗੇ। ਉਨ੍ਹਾਂ ਕਿਹਾ ਕਿ ਇਹ ਮਸਲਾ ਧਾਰਮਿਕ ਨਹੀਂ ਹੈ, ਇਹ ਮਸਲਾ ਤਾਂ ਤੁਹਾਡੇ ਲਿਖਣ ਅਤੇ ਬੋਲਣ ਦੀ ਆਜ਼ਾਦੀ ਦਾ ਮਸਲਾ ਹੈ।

ਸ੍ਰੀ ਰਾਮਪੁਰੀ ਨੇ ਕਿਹਾ ਕਿ ਕੁਝ ਲੋਕ ਚਾਹੁੰਦੇ ਹਨ ਕਿ ਕੇਵਲ ਜੋ ਬੋਲੀ ਉਹ ਬੋਲਦੇ ਹਨ, ਉਹ ਬੋਲੀ ਹੀ ਸਾਰੇ ਲੋਕ ਬੋਲਣ। ਉਨ੍ਹਾਂ ਕਿਹਾ ਕਿ ਵਿਚਾਰਾਂ ਉਤੇ ਪਾਬੰਦੀ ਨਹੀਂ ਲਾਈ ਜਾ ਸਕਦੀ।

## 'ਇਹ ਗੁੰਡਾਗਰਦੀ ਹੈ' — ਉਜੱਲ ਦੁਸਾਂਝ

ਵੈਨਕੂਵਰ ਦੇ ਪ੍ਰਸਿਧ ਵਕੀਲ ਸ੍ਰੀ ਉਜੱਲ ਦੁਸਾਂਝ ਨੇ ਕਿਹਾ ਕਿ ਰਾਮਪੁਰੀ ਤੇ ਹਮਲਾ ਗੁੰਡਿਆਂ ਵਾਲੀ ਕਾਰਵਾਈ ਹੈ ਅਤੇ ਸਾਡੀ ਕਮਿਊਨਿਟੀ ਨੂੰ ਅਜਿਹੀ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਕਿਹਾ ਕਿ 'ਸਿੱਖ ਆਜ਼ਾਦੀ' ਬਾਰੇ ਕੈਨੇਡਾ ਵਿਚ ਬਹਿਸ 'ਬਾਹਰਲਾ ਮਸਲਾ' ਹੈ ਅਤੇ 'ਜੇ ਇਹ ਸਾਡੀ ਕਮਿਊਨਿਟੀ ਦੇ ਤਾਣੇ ਬਾਣੇ ਨੂੰ ਹੀ ਨਸ਼ਟ ਕਰਨਾ ਹੈ ਤਾਂ ਲੋਕਾਂ ਨੂੰ ਇਸ ਵਿਰੁੱਧ ਬੋਲਣਾ ਹੀ ਪਵੇਗਾ।'

## ਇਪਾਨਾ ਵਲੋਂ ਹਮਲੇ ਦੀ ਨਿੰਦਾ

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮਰੀਕਾ ਦੇ ਪ੍ਰਧਾਨ ਹਰਿੰਦਰ ਮਾਹਿਲ ਨੇ ਸ੍ਰੀ ਰਾਮਪੁਰੀ ਤੇ ਹਮਲੇ ਨੂੰ 'ਲਿਖਣ ਬੋਲਣ ਦੀ ਆਜ਼ਾਦੀ' ਤੇ ਹਮਲਾ ਕਰਾਰ ਦਿਤਾ ਅਤੇ ਕਿਹਾ ਕਿ ਸਾਡੀ ਜਥੇਬੰਦੀ 'ਜਨੂੰਨੀ' ਅਤੇ 'ਗੈਰ-ਜਮਹੂਰੀ' ਕਾਰਵਾਈਆਂ ਦੀ ਸਖਤ ਨਿੰਦਾ ਕਰਦੀ ਹੈ।

## ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਵਲੋਂ ਨਿਖੇਧੀ

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਚਰਨਪਾਲ ਗਿੱਲ ਨੇ ਕਿਹਾ ਕਿ ਹਮਲਾਆਵਰ 'ਗ਼ੈਰ-ਜ਼ਿੰਮੇਂਵਾਰ, ਬੇਸ਼ਰਮੀ ਭਰਪੂਰ ਅਤੇ ਬੁਜ਼ਦਿਲ' ਹਨ ਜਿਨ੍ਹਾਂ ਨੇ ਅਜਿਹਾ ਹਮਲਾ ਸ੍ਰੀ ਰਾਮਪੁਰੀ ਤੇ ਕੀਤਾ ਹੈ।

## 'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ

ELITE DRYCLEANERS
GREET
THE PATRONS ON
GURU NANAK'S BIRTHDAY



TWO LOCATIONS
ELITE DRYCLEANERS

4679 Kingsway, Burnaby Ph. 434-1011

7583 EDMONDS ST. BURNABY
Ph. 521-6844

# BOMBAY SWEETS
## MANUFACTURER INC.

**LOCATED AT 6556-6560 MAIN ST.**

BETWEEN 49TH & 50TH. AVE. ON MAIN STREET, VANCOUVER

## ਗੁਰੂ ਨਾਨਕ ਦੇਵ ਜੀ ਦੇ ਸ਼ੁਭ ਜਨਮ ਦਿਹਾੜੇ ਤੇ ਸਮੂੰਹ ਸਿੱਖ ਸੰਗਤਾਂ ਨੂੰ ਬੰਬੇ ਸਵੀਟਸ ਅਤੇ ਨਰੇਸ਼ ਸ਼ੁਕਲਾ ਬ੍ਰਦਰਜ਼ ਵਲੋਂ ਲੱਖ ਲੱਖ ਵਧਾਈ ਹੋਵੇ!



ਹਰ ਸਾਲ ਦੀ ਤਰ੍ਹਾਂ ਇਸ ਸਾਲ ਫਿਰ

## ਬੰਬੇ ਸਵੀਟ ਤੇ ਮਠਿਆਈ ਬਾਜ਼ਾਰ ਸਜਣਗੇ

**ਬੀ. ਸੀ. ਵਿਚ ਸਭ ਤੋਂ ਵੱਡੀ ਤੇ ਸਾਫ ਸੁਥਰੀ ਭਾਰਤੀ ਮਠਿਆਈਆਂ ਦੀ ਦੁਕਾਨ:**

## ਬੰਬੇ ਸਵੀਟਸ ਮੈਨੂਫੈਕਚਰਰ ਇਨਕ

## ਬੰਬੇ ਸਵੀਟ, ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

**ਹਰ ਐਤਵਾਰ ਰੇਡੀਓ ਪ੍ਰੋਗਰਾਮ CJJC 800 AM ਤੇ ਸੁਣੋ!**

ਸਮਾਂ: 11:30-12:00, 12:15-1:00, 2:05-3:30, 8:05-9:00 p.m.

ਲੱਡੂ $1.75 ਪੌਂਡ

ਜਲੇਬੀਆਂ $1.49 ਪੌਂਡ

**Tel. 321-1414 & 874-5722**

# ਪੰਜਾਬ 'ਚ ਲੋਕ ਪ੍ਰੀਆ ਸਰਕਾਰ ਦਾ ਵਿਰੋਧ

ਲੁਧਿਆਣਾ — ਰਾਸ਼ਟਰੀ ਸੰਜੇ ਮੰਚ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਮੇਵਾ ਸਿੰਘ ਕੁਲਾਰ ਨੇ ਪੰਜਾਬ ਵਿਚ ਲੋਕ ਪ੍ਰੀਯ ਸਰਕਾਰ ਕਾਇਮ ਕੀਤੇ ਜਾਣ ਦਾ ਕਰੜਾ ਵਿਰੋਧ ਕਰਦੇ ਹੋਏ ਕਿਹਾ ਕਿ ਰਾਜ ਦੀ ਹਾਲਤ ਵਿਚ ਮੌਜੂਦਾ ਵਿਗਾੜ ਪੈਦਾ ਕਰਨ ਲਈ ਜ਼ਿੰਮੇਵਾਰ ਲੋਕਾਂ ਨੂੰ ਮੁੜ ਸੱਤਾ ਸੌਂਪਣਾ ਲੋਕਰਾਜ ਅਤੇ ਪੰਜਾਬ ਦੀ ਜਨਤਾ ਨਾਲ ਇਕ ਵਿਸ਼ਵਾਸ਼ਘਾਤ ਹੋਵੇਗਾ।

ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਰਾਜ ਦੀ ਸਨਅਤੀ ਅਤੇ ਖੇਤੀ ਆਰਥਿਕਤਾ ਲਗਪਗ ਤਬਾਹੀ ਦੇ ਕੰਢੇ 'ਤੇ ਜਾ ਪੁੱਜੀ ਹੈ ਅਤੇ ਲੋਕਾਂ ਵਿਚ ਮੁੜ ਵਿਸ਼ਵਾਸ਼ ਪੈਦਾ ਕਰਕੇ ਆਰਥਿਕਤਾ ਨੂੰ ਨਵੀਂ ਸੇਧ ਦੇਣ ਦੀ ਥਾਂ ਤਾਕਤ ਦੇ ਭੁੱਖੇ ਸਿਆਸਤਦਾਨਾਂ ਵਲੋਂ ਕੁਰਸੀਆਂ ਦੀ ਦੌੜ ਸ਼ਰਮਨਾਕ ਹੱਦ ਦੀ ਗਿਰਾਵਟ ਦਾ ਸਬੂਤ ਹੈ। ਸ੍ਰੀ ਕੁਲਾਰ ਨੇ ਇਲਜ਼ਾਮ ਲਾਇਆ ਮੰਡੀਆਂ ਵਿਚ ਕਿਸਾਨਾਂ ਦੀ ਲੁੱਟ ਖਸੁੱਟ ਜਾਰੀ ਹੈ ਅਤੇ ਕਿਸਾਨਾਂ ਨੂੰ ਝੋਨੇ ਦੀਆਂ ਯੋਗ ਕੀਮਤਾਂ ਨਹੀਂ ਦਿਤੀਆਂ ਜਾ ਰਹੀਆਂ।

ਇਸੇ ਦੌਰਾਨ ਜ਼ਿਲਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਕੰਵਲਜੀਤ ਸਿੰਘ ਸਿੱਧੂ ਨੇ ਇਕ ਬਿਆਨ ਵਿਚ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਪੰਜਾਬ ਮਸਲੇ ਦਾ ਸਿਆਸੀ ਹੱਲ ਤਲਾਸ਼ ਕਰਕੇ ਅਤੇ ਪੰਜਾਬੀਆਂ ਦੀਆਂ ਯੋਗ ਮੰਗਾਂ ਪ੍ਰਵਾਨ ਕਰਕੇ ਰਾਜ ਦੀ ਹਾਲਤ ਆਮ ਵਰਗੀ ਬਨਾਉਣ ਵਲ ਪੇਸ਼ਕਦਮੀ ਕੀਤੀ ਜਾਵੇ।

# ਸਮਗਲਰਾਂ ਬਲੈਕੀਆਂ ਵਿਰੁਧ ਕਾਰਵਾਈ

ਅਟਾਰੀ — ਪੁਲਸ ਸਟੇਸ਼ਨ ਲੋਪੋਕੇ ਨੇ ਸਮਾਜ ਵਿਰੋਧੀ ਅਨਸਰਾਂ, ਸਮਗਲਰਾਂ ਅਤੇ ਬਲੈਕ ਮਾਰਕੀਟੀਆਂ ਵਿਰੁਧ ਮੁਹਿੰਮ ਚਲਾਈ ਗਈ ਹੈ। ਇਨ੍ਹਾਂ ਸੂਤਰਾਂ ਅਨੁਸਾਰ ਭਾਰੀ ਪੁਲੀਸ ਫੋਰਸ ਨੇ ਸਰਹੱਦੀ ਪਿੰਡ ਕੱਕੜਾਂ ਦੇ ਨਜ਼ਦੀਕ ਨਾਕਾ ਲਾਇਆ ਹੋਇਆ ਸੀ ਕਿ ਇਕ ਭਾਰਤੀ ਸਮਗਲਰ ਕਸ਼ਮੀਰ ਸਿੰਘ ਉਰਫ ਕਾਕੂ ਜਿਹੜਾ ਕਿ ਪਿਛਲੇ ਸੱਤਾਂ ਸਾਲਾਂ ਤੋਂ ਇਸ਼ਤਿਹਾਰੀ ਮੁਜ਼ਰਮ(ਭਗੌੜਾ) ਕਰਾਰ ਦਿਤਾ ਹੋਇਆ ਸੀ ਨੂੰ ਗ੍ਰਿਫਤਾਰ ਕਰ ਲਿਆ। ਉਸ ਵਿਰੁਧ ਅਫੀਮ ਐਕਟ ਅਧੀਨ ਕਈ ਕੇਸ ਦਰਜ ਸਨ। ਇਸੇ ਤਰ੍ਹਾਂ ਗਸ਼ਤ ਦੌਰਾਨ ਕਾਵਿਆਂ ਦੇ ਇਕ ਉਘੇ ਸਮਗਲਰ ਨੂੰ ਫੜਿਆ ਗਿਆ। ਜਿਸ ਦੇ ਕਬਜ਼ੇ ਵਿਚੋਂ 12 ਬੋਰ ਦਾ ਪਿਸਤੌਲ ਫੜਿਆ ਗਿਆ। ਦੋਵਾਂ ਦੋਸ਼ੀਆਂ ਤੋਂ ਪੁਛਗਿਛ ਜਾਰੀ ਹੈ।

ਪਿਛਲੇ ਦਿਨੀਂ ਇਸੇ ਖੇਤਰ ਵਿਚ ਬੀ. ਐਸ. ਐਫ. ਅਤੇ ਸਰਹੱਦੋਂ ਪਾਰ ਲੰਘ ਰਹੇ ਪਾਕਿਸਤਾਨੀ ਨਾਗਰਿਕਾਂ ਵਿਚ ਗੋਲੀ ਚਲਣ ਕਾਰਨ ਇਕ ਥਾਂ ਤੇ ਮਾਰਿਆ ਗਿਆ, ਇਕ ਸਖਤ ਜ਼ਖਮੀ ਹੋਇਆ ਅਤੇ ਇਕ ਫਰਾਰ ਹੋ ਗਿਆ।

# ਤਖਤ ਪਟਨਾ ਸਾਹਿਬ ਲਈ ਕਮੇਟੀ ਬਣੇਗੀ

ਅੰਮ੍ਰਿਤਸਰ — ਪੰਜ ਸਿੰਘ ਸਾਹਿਬਾਨ ਵਲੋਂ ਤਖਤ ਪਟਨਾ ਸਾਹਿਬ ਦੀ ਮੈਨੇਜਿੰਗਗ ਕਮੇਟੀ ਦੇ ਮਾਮਲਿਆਂ ਦੀ ਦੇਖ-ਭਾਲ ਕਰਨ ਲਈ ਦੋ-ਮੈਂਬਰੀ ਕਮੇਟੀ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਵੇਲੇ ਮੈਨੇਜਿੰਗ ਕਮੇਟੀ ਦਾ ਕੰਮ ਭਾਰੀ ਪੁਲੀਸ ਪ੍ਰਬੰਧਾਂ ਹੇਠ ਚਲਾਇਆ ਜਾ ਰਿਹਾ ਹੈ।

# ਮਜੀਠਾ ਵਲੋਂ ਮੈਮੋਰੰਡਮ

ਅੰਮ੍ਰਿਤਸਰ — ਅਕਾਲੀ ਦਲ ਦੀ ਅਡਹਾਕ ਕਮੇਟੀ ਦੇ ਕਨਵੀਨਰ ਸ. ਪ੍ਰਕਾਸ਼ ਸਿੰਘ ਮਜੀਠਾ ਨੇ ਰਾਸ਼ਟਰਪਤੀ ਨੂੰ ਦਿੱਤੇ ਇਕ ਮੈਮੋਰੰਡਮ ਵਿਚ ਮੰਗ ਕੀਤੀ ਹੈ ਕਿ ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਪੁਲੀਸ ਮੁਕਾਬਲਿਆਂ ਵਿਚ ਮਾਰਨ ਦੀ ਅਦਾਲਤੀ ਜਾਂਚ ਕਰਵਾਈ ਜਾਵੇ।

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ


### ਜ਼ਰੂਰੀ ਸੂਚਨਾ

**C.H.I.P. Grant (Canadian Home Insulation Programme)**

ਜੇ ਤੁਹਾਡਾ ਘਰ ਪਹਿਲੀ ਸਤੰਬਰ 1977 ਤੋਂ ਪਹਿਲਾਂ ਦਾ ਬਣਿਆ ਹੈ ਤਾਂ ਤੁਸੀਂ 500 ਡਾਲਰ ਤੱਕ ਦੀ ਗਰਾਂਟ ਗੌਰਮਿੰਟ ਤੋਂ ਲੈ ਸਕਦੇ ਹੋ, ਜਿਹੜੀ ਮੋੜਨੀ ਨਹੀਂ ਪੈਂਦੀ। ਇਸ ਗਰਾਂਟ ਦੀ ਛੇਤੀ ਹੀ ਬੰਦ ਹੋਣ ਦੀ ਸੰਭਾਵਨਾ ਹੈ। ਐਸਟੀਮੇਟ ਲਈ ਫੂਨ ਕਰੋ।

**ਫੋਨ 591-9692**



ਮਲਵਿੰਦਰ ਗਰਚਾ


# ਪਾਕਿ ਨੂੰ ਹਥਿਆਰਾਂ ਦੀ ਸਪਲਾਈ ਬਾਰੇ ਅਮਰੀਕਾ ਨੂੰ ਚਿਤਾਵਨੀ

ਨਵੀਂ ਦਿੱਲੀ — ਭਾਰਤ ਨੇ ਅਮਰੀਕਾ ਨੂੰ ਚਿਤਾਵਨੀ ਦਿਤੀ ਕਿ ਪਾਕਿਸਤਾਨ ਨੂੰ ਆਧੁਨਿਕਤਮ ਹਥਿਆਰਾਂ ਦੀ ਸਪਲਾਈ ਤਣਾਅ ਵਿਚ ਵਾਧਾ ਕਰੇਗੀ ਅਤੇ ਭਾਰਤੀ ਉਪ ਮਹਾਂਦੀਪ ਵਿਚ ਹਥਿਆਰਾਂ ਦੀ ਨਵੀਂ ਦੌੜ ਸ਼ੁਰੂ ਕਰੇਗੀ।

ਭਾਰਤ ਦੇ ਦੌਰੇ ਉਤੇ ਆਏ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਸ੍ਰੀ ਰਿਚਰਡ ਮਰਫੀ ਨਾਲ ਵਾਰਤਾ ਦੌਰਾਨ ਪਾਕਿਸਤਾਨ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ 'ਤੇ ਚਿੰਤਾ ਪ੍ਰਗਟ ਕਰਦਿਆਂ ਵਿਦੇਸ਼ ਸਕੱਤਰ ਸ੍ਰੀ ਮਹਿਰਾਜ ਕ੍ਰਿਸ਼ਨ ਰਸਗੋਤਰਾ ਨੇ ਭਾਰਤ ਦੇ ਇਸ ਇਰਾਦੇ ਨੂੰ ਦੁਹਰਾਇਆ ਕਿ ਉਹ ਇਸ ਖਿੱਤੇ ਵਿਚ ਹਰ ਹੀਲੇ ਅਮਨ ਕਾਇਮ ਰੱਖਣਾ ਚਾਹੁੰਦਾ ਹੈ।

ਵਾਰਤਾ ਮਗਰੋਂ ਇਕ ਸਰਕਾਰੀ ਤਰਜਮਾਨ ਨੇ ਪੱਤਰਕਾਰਾਂ ਨੂੰ ਦਸਿਆ ਕਿ ਸ੍ਰੀ ਰਸਗੋਤਰਾ ਨੇ ਸ੍ਰੀ ਮਰਫੀ ਨੂੰ ਸਪਸ਼ਟ ਕੀਤਾ ਕਿ ਭਾਰਤ ਦਾ ਪਾਕਿਸਤਾਨ ਦੇ ਪ੍ਰਮਾਣੂੰ ਅੱਡਿਆਂ 'ਤੇ ਹੱਲਾ ਬੋਲਣ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਨੇ ਕਦੇ ਵੀ ਪਾਕਿਸਤਾਨ 'ਤੇ ਪਹਿਲਾਂ ਹਮਲਾ ਨਹੀਂ ਕੀਤਾ ਅਤੇ ਭਵਿਖ ਵਿਚ ਵੀ ਅਜਿਹਾ ਨਹੀਂ ਕਰੇਗਾ।

# ਤਿੰਨ ਡਾਕੂ ਗ੍ਰਿਫਤਾਰ

ਜਲੰਧਰ — ਪਿਛਲੀ ਰਾਤ ਫਿਲੌਰ ਥਾਣੇ 'ਚ ਪੈਂਦੇ ਅਪਰਾ ਨੇੜੇ ਨਹਿਰ ਦੇ ਪੁਲਸ 'ਤੇ ਸੰਖੇਪ ਜਿਹੇ ਮੁਕਾਬਲੇ 'ਚ ਡਾਕੂਆਂ ਦੇ ਤਿੰਨ ਮੈਂਬਰੀ ਗਰੋਹ ਦੇ ਆਗੂ ਕਸਤੂਰ ਸਿੰਘ ਉਰਫ ਕਸਤੂਰ ਨੂੰ ਉਸ ਦੇ ਦੋ ਸਾਥੀਆਂ ਸਮੇਤ ਪੁਲੀਸ ਨੇ ਗ੍ਰਿਫਤਾਰ ਕਰ ਲਿਆ।

ਜ਼ਿਲਾ ਪੁਲੀਸ ਮੁਖੀ ਐਸ. ਐਸ. ਵਿਰਕ ਨੇ ਦਸਿਆ ਕਿ ਜਦ ਪੁਲੀਸ ਨੂੰ ਇਹ ਸੂਚਨਾ ਮਿਲੀ ਕਿ ਕਸਤੂਰੀ ਨੂੰ ਕੁਝ ਪਿੰਡਾਂ 'ਚ ਘੁੰਮਦੇ ਦੇਖਿਆ ਗਿਆ ਹੈ ਤਾਂ ਪਿੰਡ ਮਸਾਨੀਆਂ 'ਚ ਪੁਲੀਸ ਤਾਇਨਾਤ ਕਰ ਦਿਤੀ ਗਈ ਤੇ ਨਾਲ ਹੀ ਅਪਰਾ ਨੇੜੇ ਨਹਿਰ ਦੇ ਪੁਲ 'ਤੇ ਨਾਕਾਬੰਦੀ ਕਰ ਲਈ ਗਈ। ਰਾਤ ਦੇ 1 ਵਜੇ ਤਿੰਨ ਵਿਅਕਤੀ ਨੇੜੇ ਆਉਂਦੇ ਦੇਖੇ ਗਏ ਜਦ ਪੁਲੀਸ ਨੇ ਉਨ੍ਹਾਂ ਨੂੰ ਵੰਗਾਰਿਆ ਤਾਂ ਉਨ੍ਹਾਂ ਅੱਗਿਓਂ ਗੋਲੀ ਚਲਾ ਦਿ ਤੀ। ਪੁਲੀਸ ਨੇ ਜਵਾਬੀ ਗੋਲੀ ਚਲਾਈ। ਇਸੇ ਦੌਰਾਨ ਕਸਤੂਰੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ ਜਦ ਕਿ ਉਸ ਦੇ ਦੋ ਸਾਥੀ ਲਖਬੀਰ ਸਿੰਘ ਉਰਫ ਸੰਤਾ ਅਤੇ ਨਰਿੰਦਰ ਸਿੰਘ ਉਰਫ ਰਾਣਾ ਬਚ ਕੇ ਦੌੜ ਗਏ। ਇਹ ਦੋਵੇਂ ਵਿਅਕਤੀ ਬੰਗਾ ਥਾਣੇ 'ਚ ਪੈਂਦੇ ਕਰਨਾਣਾ ਪਿੰਡ ਦੇ ਹਨ

# ਪੱਤਰਕਾਰਾਂ ਵਲੋਂ ਹਾਈਕੋਰਟ 'ਚ ਰਿੱਟ

ਚੰਡੀਗੜ੍ਹ — ਕੌਮਾਂਤਰੀ ਖਬਰ ਏਜੰਸੀ "ਏ. ਪੀ." ਦੇ ਪ੍ਰਤੀਨਿਧ ਬ੍ਰਹਮ ਚੇਲਾਨੀ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਕ ਰਿੱਟ ਪਟੀਸ਼ਨ ਦਾਇਰ ਕਰਕੇ ਆਪਣੇ ਵਿਰੁਧ ਪੰਜਾਬ ਪੁਲਸ ਵਲੋਂ ਅੰਮ੍ਰਿਤਸਰ ਵਿਚ ਦਰਜ ਐਫ. ਆਈ. ਆਰ. ਨੂੰ ਰੱਦ ਕੀਤੇ ਜਾਂਣ ਦੀ ਬੇਨਤੀ ਕੀਤੀ।

# ਪੰਚਾਇਤ ਸੰਮਤੀਆਂ ਦੀ ਮੁਅੱਤਲੀ 'ਚ ਸਾਲ ਦਾ ਵਾਧਾ

ਚੰਡੀਗੜ੍ਹ — ਰਾਸ਼ਟਰਪਤੀ ਨੇ ਇਕ ਆਰਡੀਨੈਂਸ ਜਾਰੀ ਕਰਕੇ ਪੰਜਾਬ ਵਿਚ ਜ਼ਿਲਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੀ ਮੁਅੱਤਲੀ ਦੀ ਮਿਆਦ ਵਿਚ ਇਕ ਸਾਲ ਲਈ ਵਾਧਾ ਕਰ ਦਿਤਾ ਹੈ। ਇਸ ਆਰਡੀਨੈਂਸ ਰਾਹੀਂ ਪੰਜਾਬ ਪੰਚਾਇਤ ਸੰਮਤੀ ਤੇ ਜ਼ਿਲਾ ਪ੍ਰੀਸ਼ਦ ਐਕਟ, 1978 ਵਿਚ ਸੋਧ ਕੀਤੀ ਗਈ ਹੈ। ਪਹਿਲੇ ਐਕਟ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਦੀ ਮੁਅੱਤਲੀ ਵੱਧ ਤੋਂ ਵੱਧ ਛੇ ਸਾਲਾਂ ਲਈ ਹੋ ਸਕਦੀ ਹੈ, ਪਰ ਆਰਡੀਨੈਂਸ ਰਾਹੀਂ ਇਸ ਸਮੇਂ ਨੂੰ ਵਧਾ ਕੇ ਸੱਤ ਸਾਲ ਕਰ ਦਿਤਾ ਗਿਆ ਹੈ।

ਪੰਜਾਬ ਵਿਚ ਪੰਚਾਇਤੀ ਰਾਜ ਸੰਸਥਾਵਾਂ 1978 ਤੋਂ ਮੁਅੱਤਲ ਹਨ। ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ 27 ਮਾਰਚ, 1984 ਤੱਕ ਮੁਕੰਮਲ ਹੋ ਜਾਣੀਆਂ ਚਾਹੀਦੀਆਂ ਸਨ ਪਰ ਨਵੀਂ ਤਰਮੀਮ ਮਗਰੋਂ ਇਹ ਚੋਣਾਂ 11 ਅਕਤੂਬਰ 1985 ਤੱਕ ਕਰਵਾਈਆਂ ਜਾ ਸਕਣਗੀਆਂ। ਪੰਜਾਬ ਵਿਚ 10,000 ਤੋਂ ਵੱਧ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਪਿਛਲੇ ਸਾਲ ਮੁਕੰਮਲ ਹੋਈਆਂ ਸਨ ਅਤੇ ਹਾਕਮ ਪਾਰਟੀ ਨੇ ਦਾਅਵਾ ਕੀਤਾ ਸੀ ਕਿ ਇਸ ਦੇ ਸਮਰਥਨ 70 ਫੀ ਸਦੀ ਤੋਂ ਵੱਧ ਸੀਟਾਂ ਜਿੱਤਣ ਵਿਚ ਸਫਲ ਰਹੇ।

(ਪੰਨਾ 13 ਦੀ ਬਾਕੀ)

ਇੰਡੋ ਕਨੇਡੀਅਨ ਵੂਮੈਨ ਫਾਰ ਫਰੀਡਮ ਐਂਡ ਪੀਸ ਵਲੋਂ ਅਤੇ ਇਕ ਵਿਅਕਤੀਗਤ ਬਰਾਡਕਾਸਟਰ ਦੇ ਤੌਰ ਤੇ ਸੁਸ਼ਮਾ ਸਰਧਾਨਾ ਹੁਰੀਂ ਆਪਣੇ ਵਿਚਾਰ ਪ੍ਰਗਟਾਏ। ਉਨ੍ਹਾਂ ਕਿਹਾ ਕਿ ਇਸ ਸਮੇਂ ਸਾਡੀ ਕਮਿਉਨਿਟੀ ਵਿਚ ਪੰਜਾਬ ਵਿਚ ਔਰਤਾਂ ਉਪਰ ਹੋਏ ਜ਼ੁਲਮ ਦੀਆਂ ਕਹਾਣੀਆਂ ਦੱਸ ਕੁਝ ਲੀਡਰ ਲੋਕਾਂ ਨੂੰ ਆਪਣੇ ਪਿਛੇ ਲਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਔਰਤਾਂ ਉਪਰ ਹੋਏ ਜ਼ੁਲਮ ਵਿਰੁਧ ਬੋਲਣਾ ਠੀਕ ਗੱਲ ਹੈ ਪਰ ਮੈਂ ਇਨ੍ਹਾਂ ਲੀਡਰਾਂ ਨੂੰ ਇਕ ਸੁਆਲ ਪੁੱਛਣਾ ਚਾਹਾਂਗੀ ਕਿ ਹਿੰਦੁਸਤਾਨ ਦੇ ਬਾਕੀ ਹਿਸਿਆਂ ਵਿਚ ਵੀ ਹਰ ਰੋਜ਼ ਔਰਤਾਂ ਉਪਰ ਜਬਰ ਦੀਆਂ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ। ਉਸ ਸਮੇਂ ਇਹ ਲੀਡਰ ਕਿਉਂ ਨਹੀਂ ਕੁਝ ਬੋਲਦੇ। ਏਥੇ ਵੈਨਕੂਵਰ ਵਿਚ ਹਰ ਰੋਜ਼ ਕਈ ਔਰਤਾਂ ਨੂੰ ਘਰ ਵਿਚ ਕੁੱਟ ਮਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਕਈ ਵਾਰੀ ਉਹਨਾਂ ਦੇ ਘਰ ਦੇ ਕੁੱਟ ਮਾਰ ਕਰਕੇ ਅੱਧੀ ਰਾਤ ਘਰੋਂ ਬਾਹਰ ਕੱਢ ਦਿੰਦੇ ਹਨ। ਉਸ ਸਮੇਂ ਇਹ ਲੀਡਰ ਕਿੱਥੇ ਸੁੱਤੇ ਹੋਏ ਹੁੰਦੇ ਹਨ। ਇਕ ਬਰਾਡਕਾਸਟਰ ਵਲੋਂ ਬੋਲਦਿਆਂ ਉਨ੍ਹਾਂ ਕਿਹਾ ਕਿ ਮੈਂ ਸਮਝਦੀ ਹਾਂ ਕਿ ਏਥੇ ਹਰ ਕਿਸੇ ਨੂੰ ਲਿਖਣ ਬੋਲਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ਇਸ ਆਜ਼ਾਦੀ ਉਪਰ ਕਿਸੇ ਤਰ੍ਹਾਂ ਦੇ ਹਮਲੇ ਦੀ ਸਾਨੂੰ ਡਟ ਕੇ ਵਿਰੋਧਤਾ ਕਰਨੀ ਚਾਹੀਦੀ ਹੈ।"

ਇਸ ਤੋਂ ਬਾਅਦ ਕਵੀ ਗੁਰਚਰਨ ਰਾਮਪੁਰੀ ਹੁਰਾਂ ਆਪਣੀਆਂ ਚਾਰ ਪੰਜ ਕਵਿਤਾਵਾਂ ਸੁਣਾਈਆਂ। ਗੁਰਚਰਨ ਰਾਮਪੁਰੀ ਹੁਰਾਂ ਤੋਂ ਬਿਨਾਂ ਭਵਖੰਡਨ, ਸੁਰਜੀਤ ਕਲਸੀ, ਅਮਰਜੀਤ ਚਾਹਲ ਅਤੇ ਅਜਮੇਰ ਰੋਡੇ ਹੁਰਾਂ ਆਪਣੀਆਂ ਕਵਿਤਾਵਾਂ ਸੁਣਾਈਆਂ।

ਫਿਰ ਮੀਟਿੰਗ ਵਿਚ ਕਵੀ ਗੁਰਚਰਨ ਰਾਮਪੁਰੀ ਉਪਰ ਹੋਏ ਹਮਲੇ ਦਾ ਵਿਰੋਧ ਵਿਚ ਇਕ ਮਤਾ ਪੇਸ਼ ਕੀਤਾ ਗਿਆ ਜੋ ਸਰਬ ਸੰਮਤੀ ਨਾਲ ਲੋਕਾਂ ਨੇ ਤਾੜੀਆਂ ਮਾਰ ਪਾਸ ਕੀਤਾ। ਮਤਾ ਇਸ ਪ੍ਰਕਾਰ ਹੈ :—

### ਮਤਾ

19 ਅਕਤੂਬਰ ਨੂੰ ਲੇਖਕ ਗੁਰਚਰਨ ਰਾਮਪੁਰੀ ਉਪਰ ਕੁਝ ਆਦਮੀਆਂ ਵਲੋਂ ਸਵੇਰੇ ਅੱਠ ਵਜੇ ਹਮਲਾ ਕੀਤਾ ਗਿਆ। ਕਿਉਂਕਿ ਦੋ ਤਿੰਨ ਹਫਤੇ ਪਹਿਲਾਂ ਏਥੋਂ ਦੇ ਪੇਪਰਾਂ ਵਿਚ "ਅਕਾਲੀ ਪਾਰਟੀ ਵਲੋਂ ਚਲਾਏ ਗਏ ਘੋਲਾਂ ਬਾਰੇ" ਇਕ ਆਰਟੀਕਲ ਲਿਖਿਆ ਸੀ। ਉਸੇ ਹੀ ਦਿਨ ਲੋਕ ਸਦਭਾਵਨਾ ਮੰਚ ਦੇ ਬੁਲਾਰੇ ਸੁਖਵੰਤ ਹੁੰਦਲ ਦੇ ਘਰ ਧਮਕੀਆਂ ਭਰੇ ਫੋਨ ਕੀਤੇ ਗਏ। ਪਿਛਲੇ ਸਮੇਂ ਵਿਚ ਵੀ ਜਿਹੜੇ ਜਿਹੜੇ ਲੋਕਾਂ ਨੇ ਕਮਿਉਨਿਟੀ ਵਿਚ ਏਕਤਾ ਦੀ ਗੱਲ ਕੀਤੀ ਹੈ, ਉਨ੍ਹਾਂ ਨੂੰ ਵੀ ਧਮਕੀਆਂ ਮਿਲੀਆਂ ਹਨ।

ਅਸੀਂ ਇਨ੍ਹਾਂ ਬੁਜ਼ਦਿਲੀ ਭਰੇ ਅਤੇ ਅਨਡੈਮੋਕਰੇਟਿਕ ਕੰਮਾਂ ਦੀ ਨਿਖੇਧੀ ਕਰਦੇ ਹਾਂ ਅਤੇ ਦ੍ਰਿੜਤਾ ਨਾਲ ਕਹਿੰਦੇ ਹਾਂ ਕਿ ਅਸੀਂ ਲੋਕਾਂ ਦੀ ਲਿਖਣ, ਬੋਲਣ ਦੀ ਆਜ਼ਾਦੀ ਲਈ ਲੜਾਈ ਜਾਰੀ ਰੱਖਾਂਗੇ।"

— — — — —

ਅੰਤ ਵਿਚ ਫੋਰਮ ਵਲੋਂ ਸੁਖਵੰਤ ਹੁੰਦਲ ਹੁਰਾਂ, ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਪਾਂ ਸਾਰਿਆਂ ਨੂੰ ਅੱਜ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਾਂ ਕਮਿਉਨਿਟੀ ਵਿਚ ਏਕਤਾ ਲਈ ਕੰਮ ਕਰਨਾ ਹੈ, ਅਤੇ ਲੋਕਾਂ ਦੀ ਲਿਖਣ, ਬੋਲਣ ਦੀ ਆਜ਼ਾਦੀ ਉਪਰ ਦ੍ਰਿੜਤਾ ਨਾਲ ਪਹਿਰਾ ਦੇਣਾ ਹੈ ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਲੋਕ ਸਦਭਾਵਨਾ ਮੰਚ ਅਜਿਹੀਆਂ ਹੋਰ ਮੀਟਿੰਗਾਂ ਦਾ ਪ੍ਰਬੰਧ ਕਰੇਗਾ। ਇਸ ਨਾਲ ਮੀਟਿੰਗ ਸਮਾਪਤ ਹੋ ਗਈ।

ਜਦੋਂ ਪ੍ਰਬੰਧਕ ਮੀਟਿੰਗ ਖਤਮ ਕਰਕੇ ਘਰਾਂ ਨੂੰ ਜਾ ਰਹੇ ਸਨ ਤਾਂ ਤਿੰਨ ਵਿਅਕਤੀ ਹਾਲ ਦੇ ਬਾਹਰ ਆ ਕੇ ਨਾਹਰੇ ਲਾਉਣ ਲੱਗੇ। ਪ੍ਰਬੰਧਕਾਂ ਨੇ ਉਨ੍ਹਾਂ ਨਾਲ ਗਲਬਾਤ ਕੀਤੀ ਅਤੇ ਉਨ੍ਹਾਂ ਨੂੰ ਦਸਿਆ ਕਿ "ਤੁਹਾਨੂੰ ਪੂਰਾ ਹੱਕ ਹੈ ਕਿ ਜੇ ਤੁਸੀਂ ਇਸ ਮੀਟਿੰਗ ਨਾਲ ਸਹਿਮਤ ਨਹੀਂ ਤਾਂ ਇਸਦਾ ਵਿਰੋਧ ਕਰਨ ਦਾ। ਪਰ ਜਿਹੜੇ ਲੋਕ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਉਨ੍ਹਾਂ ਨੂੰ ਵੀ ਇਸ ਦੇ ਵਿਰੁਧ ਬੋਲਣ ਦਾ ਲਿਖਣ ਦਾ ਪੂਰਾ ਹੱਕ ਹੈ। ਅਤੇ ਤੁਸੀਂ ਉਨ੍ਹਾਂ ਦੇ ਇਸ ਹੱਕ ਉਪਰ ਹਮਲੇ ਨਹੀਂ ਕਰ ਸਕਦੇ। ਕੋਈ ਵੀ ਡੈਮੋਕਰੇਟਿਕ ਇਨਸਾਨ ਇਨ੍ਹਾਂ ਹਮਲਿਆਂ ਨਾਲ ਸਹਿਮਤ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਪ੍ਰਬੰਧਕਾਂ ਨੇ ਇਨ੍ਹਾਂ ਲੋਕਾਂ ਨੂੰ ਦੱਸਿਆ ਕਿ ਅਸੀਂ ਸਦਾ ਹੀ ਤੁਹਾਡੇ ਨਾਲ ਬਹਿ ਕੇ ਇਸ ਮਸਲੇ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹਾਂ।"

— ਵਲੋਂ ਸਾਧੂ

# ਪੁਲੀਸ ਹਵਾਲਦਾਰ ਦੀ ਭਾਲ 'ਚ

ਮੋਰਿੰਡਾ, (ਨਿਜੀ ਪੱਤਰ ਪ੍ਰੇਰਕ)— ਜ਼ਿਲਾ ਰੋਪੜ ਦੀ ਪੁਲੀਸ ਇਥੇ ਰੋਪੜ ਪੁਲੀਸ ਲਾਈਨਜ਼ ਵਿਚ ਕੰਮ ਕਰਦੇ ਇਕ ਹਵਾਲਦਾਰ ਤਰਲੋਕ ਸਿੰਘ ਦੀ ਭਾਲ ਵਿਚ ਹੈ ਜਿਸ ਉਤੇ ਦਹਿਸ਼ਤਪ੍ਰਸਤਾਂ ਨੂੰ ਹਥਿਆਰ ਸਪਲਾਈ ਕਰਨ ਦਾ ਦੋਸ਼ ਹੈ।


TICKETS TO ANYWHERE

**GABA TRAVELS**

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

PHONE: 324-3336

# INDO-CANADIANS EXPRESS DEEP SORROW AND GRIEF

## ON THE LOSS OF THE

# THE INDIAN PRIME MINISTER



MRS. INDIRA GANDHI

## INDO-CANADIAN FRIENDSHIP SOCIETY VANCOUVER, B.C.

(Paid By Society)

# "ਪਰਗਟੇ ਨਾਨਕ ਰਾਇ"

- ਸਰਦਾਰ ਗੁਰਚਰਨ ਸਿੰਘ ਜੀ 'ਟੌਹੜਾ'

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਅਤੇ ਉਹਨਾਂ ਦੀ ਮਨੁੱਖਤਾ ਨੂੰ ਸਦੀਵੀ ਦੇਣ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਚਿੱਤਰ ਨਾਟਕ ਵਿੱਚ ਫੁਰਮਾਂਦੇ ਹਨ -

ਤਿਨ ਬੇਦੀਅਨ ਕੇ ਕੁੱਲ ਵਿਖੇ ਪ੍ਰਗਟੇ ਨਾਨਕ ਰਾਇ ॥
ਸਭ ਸਿਖਨ ਕੋ ਸੁਖ ਦਏ, ਜਹ ਤਹ ਭਏ ਸਹਾਇ ॥

ਚੌਪਈ

ਤਿਨ ਇਹ ਕਲ ਮੇ ਧਰਮ ਚਲਾਯੋ ॥
ਸਭ ਸਾਧਨ ਕੋ ਰਾਹੁ ਬਤਾਯੋ ॥
ਜੋ ਤਾ ਕੇ ਮਾਰਗ ਮਹਿ ਆਏ,
ਤੇ ਕਬਹੂੰ ਨਹੀਂ ਪਾਪ ਸੰਤਾਏ ॥
ਜੇ ਜੇ ਪੰਥ ਤਵਨ ਕੇ ਪਰੇ ॥
ਪਾਪ ਤਾਪ ਤਿਨ ਕੇ ਪ੍ਰਭ ਹਰੇ ॥
ਦੂਖ ਭੂਖ ਕਬਹੂੰ ਨਾ ਸੰਤਾਏ ॥
ਜਾਲ ਕਾਲ ਕੇ ਬੀਚ ਨਾ ਆਏ ॥

ਸਪੱਸ਼ਟ ਹੈ ਕਿ ਦਸਮ ਪਾਤਸ਼ਾਹ ਜੀ ਦੇ ਮਹਾਂਵਾਕ ਮੁਤਾਬਿਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੁਆਰਾ ਮਨੁੱਖੀ ਸਮਾਜ ਵਿੱਚ ਕੁੱਝ ਅਜੇਹੇ ਮੁੱਢਲੇ ਪਰਿਵਰਤਨ ਆਏ ਜਿੰਨ੍ਹਾਂ ਨੇ ਇਸ ਜੁਗ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਅਤੇ ਮਨੁੱਖੀ ਸਮਾਜ ਨੂੰ ਇੱਕ ਨਵੀਂ ਤੇ ਨਰੋਈ ਸੇਧ ਦਿੱਤੀ। ਉਹਨਾਂ ਪਰਿਵਰਤਨਾਂ ਦੀ ਮਹੱਤਤਾ ਅਤੇ ਮਹਾਨਤਾ ਨੂੰ ਮੁਕੰਮਲ ਤੌਰ ਤੇ ਪਹਿਚਾਨਣ ਦੇ ਅੱਜ ਵੀ ਯਤਨ ਹੋ ਰਹੇ ਹਨ ਅਤੇ ਜਿਉਂ ਜਿਉਂ ਉਹਨਾਂ ਦਾ ਡੂੰਘਾ ਅਧਿਐਨ ਹੋ ਰਿਹਾ ਹੈ, ਤਿਉਂ ਤਿਉਂ ਉਹਨਾਂ ਦੇ ਮਨੁੱਖੀ ਕਲਿਆਣ ਹਿੱਤ ਮਹੱਤਵ-ਪੂਰਣ ਸਦੀਵੀ ਤੱਥ ਉਜਾਗਰ ਹੋ ਕੇ ਸਾਹਮਣੇ ਆ ਰਹੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸਾਰੀ ਦੁਨੀਆਂ ਵਿੱਚ ਅਤੇ ਵਿਸ਼ੇਸ਼ ਕਰ ਹਿੰਦੁਸਤਾਨ ਵਿੱਚ ਇਨਸਾਨ ਦੀ ਜੋ ਦੁਰਦਸ਼ਾ ਸੀ ਉਸ ਬਾਰੇ ਹੋਰ ਸਮਕਾਲੀ ਅਤੇ ਨਿਕਟ ਸਮਕਾਲੀ ਸ੍ਰੋਤਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਤੋਂ ਸਾਫ ਅਤੇ ਸਪੱਸ਼ਟ ਸੰਕੇਤ ਮਿਲਦੇ ਹਨ। ਸਮਾਜੀ, ਸਿਆਸੀ ਅਤੇ ਧਾਰਮਿਕ ਹਰ ਪੱਖੋਂ ਇਨਸਾਨ ਤੇਜ਼ੀ ਨਾਲ ਅਧੋਗਤੀ ਦੇ ਰਾਹ ਤੇ ਪਤਾਲ ਵੱਲ ਡਿੱਗ ਰਿਹਾ ਸੀ ਅਤੇ ਉਸ ਦੇ ਬਚਾਅ ਦੀ ਕੋਈ ਸੂਰਤ ਬਾਕੀ ਨਹੀਂ ਰਹਿ ਗਈ ਸੀ ਜਾਪਦੀ। ਸਮਾਜ ਅਤੇ ਧਰਮ ਦੇ ਠੇਕੇਦਾਰਾਂ ਨੇ ਅਤੇ ਰਾਜਸੀ ਖੇਤਰ ਵਿੱਚ ਰਾਜ-ਸੱਤਾ ਦੇ ਉਚ ਅਧਿਕਾਰੀਆਂ ਨੇ ਲੁਕਾਈ ਲਈ ਸੁੱਖ ਦਾ ਸਾਹ ਲੈਣਾ ਵੀ ਔਖਾ ਕਰ ਰੱਖਿਆ ਸੀ। ਹਿੰਦੂ ਮੁਸਲਮਾਨ ਦੋਵੇਂ ਆਪਣੇ ਧਰਮ ਦੇ ਉਦਾਰ ਮੰਤਵਾਂ ਨੂੰ ਭੁਲਾ ਕੇ ਸੰਪਰਦਾਇਕਤਾ ਦੇ ਗੜੇ ਵਿੱਚ ਡਿੱਗੇ ਹੋਏ ਸਨ ਅਤੇ ਧਰਮ ਦੇ ਵਾਸਤਵਿਕ ਸਰੂਪ ਨੂੰ ਭੁਲਾ ਕੇ ਬਾਹਰੀ ਅਡੰਬਰਾਂ ਅਤੇ ਰਸੂ-ਰੀਤੀਆਂ ਦਾ ਸ਼ਿਕਾਰ ਹੋ ਚੁੱਕੇ ਸਨ। ਅਗਿਆਨਤਾ ਕਾਰਨ ਇੱਕ ਸਧਾਰਨ ਵਿਅਕਤੀ ਦੀ ਗਰਦਨ ਦੁਆਲੇ ਇਹਨਾਂ ਧਰਮ ਅਤੇ ਸਮਾਜ ਦੇ ਠੇਕੇਦਾਰਾਂ ਦਾ ਜੂੜ-ਜੱਫਾ ਹੋਰ ਵੀ ਪੀਡਾ ਅਤੇ ਸਾਹ ਘੁੱਟਵਾਂ ਹੋ ਚੁੱਕਾ ਸੀ। ਅਖੌਤੀ ਨੀਵੀਆਂ ਜਾਤਾਂ ਦੀ ਹਾਲਤ ਤਾਂ ਉੱਕਾ ਹੀ ਤਰਸਯੋਗ ਸੀ। ਭੇਖੀ ਅਤੇ ਪਾਖੰਡੀ ਆਗੂਆਂ ਮਗਰ ਲੱਗ ਕੇ ਕੂੜ ਕਪਟ ਅਤੇ ਉਚ-ਨੀਚ ਦੇ ਘੁੱਪ ਹਨੇਰੇ ਵਿੱਚ ਉਹ ਅਤਿ ਪੀੜਤ ਹਾਲਤ ਵਿੱਚ ਕੁਰਾਹ ਰਹੇ ਸੀ, ਪਰੰਤੂ ਉਹਨਾਂ ਨੂੰ ਰਾਹ ਦੱਸਣ ਵਾਲਾ ਕੋਈ ਨਹੀਂ ਸੀ। ਰਾਜਸੀ ਖੇਤਰ ਵਿੱਚ ਅਧੋਗਤੀ ਦੀ ਹਾਲਤ ਆਪਣੀਆਂ ਸਿਖਰਾਂ ਨੂੰ ਛੋਹ ਰਹੀ ਸੀ। ਜੋਰ-ਜਬਰ, ਲੁੱਟ-ਘਸੁੱਟ ਅਤੇ ਅਨਿਆਏ ਦਾ ਦੌਰ ਦੌਰਾ ਸੀ। ਰਾਜਿਆਂ ਦੇ ਮੂੰਹ ਲਹੂ ਲਿਬੜੇ ਸਨ ਅਤੇ ਆਪਣੀ ਐਸ਼ ਇਸ਼ਰਤ ਖਾਤਰ ਗਰੀਬਾਂ ਦਾ ਖੂਨ ਚੂਸਿਆ ਜਾ ਰਿਹਾ ਸੀ। ਇਸੇ ਹੀ ਹਨੇਰ ਗਰਦੀ ਦਾ ਜ਼ਿਕਰ ਕਰਦਿਆਂ ਗੁਰੂ ਸਾਹਿਬ ਨੇ ਫੁਰਮਾਇਆ ਹੈ —

ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਅਤੇ - ਰਾਜੇ ਸੀਂਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁੱਤੇ ॥

ਇਸੇ ਹੀ ਪ੍ਰਸੰਗ ਵਿੱਚ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:—

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।...
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪੁ ਸਭਸਿ ਜਗਿ ਮਾਂਹੀ ॥

ਜ਼ਾਹਿਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਚਾਰੇ ਪਾਸੇ ਅਗਿਆਨਤਾ, ਜ਼ੁਲਮ ਅਤੇ ਜਬਰ-ਕੂੜ ਅਤੇ ਕਪਟ ਦਾ ਦੌਰ ਦੌਰਾ ਸੀ ਅਤੇ ਸਾਰੀ ਲੁਕਾਈ ਇਸ ਦੇ ਬੋਝ ਹੇਠਾਂ ਵਿਲਕ ਰਹੀ ਸੀ ਮਗਰ ਉਸ ਦੀ ਦਾਦ ਪ੍ਰਰਸ ਕਰਨ ਵਾਲਾ ਕੋਈ ਵੀ ਨਹੀਂ ਸੀ।

ਇਸੇ ਵਿਲ੍ਹਕਦੀ ਲੁਕਾਈ ਦੀ ਪੁਕਾਰ ਨੂੰ ਸੁਣ ਕੇ ਵਾਹਿਗੁਰੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਜੱਗ ਵਿੱਚ ਪ੍ਰਵੇਸ਼ ਕਰਨ ਲਈ ਆਦੇਸ਼ ਦਿੱਤਾ —

ਸੁਣੀ ਪੁਕਾਰਿ ਦਾਤਾਰ ਪ੍ਰਭੁ,
ਗੁਰੂ ਨਾਨਕ ਜਗ ਮਾਹਿ ਪਠਾਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਚਾਰੇ ਪਾਸੇ ਨਜ਼ਰ ਮਾਰੀ ਤਾਂ ਉਹਨਾਂ ਨੇ ਹਰ ਜਗ੍ਹਾ ਮਨੁੱਖ ਨੂੰ ਜ਼ੁਲਮ ਦੀ ਅੱਗ ਵਿੱਚ ਜਲਦਿਆਂ ਦੇਖਿਆ, ਉਹਨਾਂ ਦਾ ਹਿਰਦਾ ਅਤਿ ਪੀੜਤ ਹੋ ਉਠਿਆ ਅਤੇ ਉਹ ਇਸ ਹਾਲਤ ਨੂੰ ਸੋਧਣ ਦੇ ਪੱਕੇ ਇਰਾਦੇ ਨਾਲ ਘਰ ਬਾਹਰ ਤਿਆਗ ਸੰਸਾਰ ਯਾਤਰਾ ਤੇ ਨਿਕਲ ਤੁਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਸੱਚੇ ਕਰਾਂਤੀਕਾਰੀ ਵਾਂਗੂ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿਹੜੀਆਂ ਸਵਾਰਥੀ ਅਤੇ ਸ਼ਕਤੀਸ਼ਾਲੀ ਤਾਕਤਾਂ ਹਜ਼ਾਰਾਂ ਸਾਲਾਂ ਤੋਂ ਆਪਣੇ ਆਪਣੇ ਮਜ਼ਬੂਤ ਗੜ੍ਹਾਂ ਵਿੱਚ ਬੈਠੀਆਂ ਆਪਣੀ ਅਯੋਗ ਕਮਾਈ ਦਾ ਰਸ ਮਾਣ ਰਹੀਆਂ ਹਨ, ਉਹਨਾਂ ਨਾਲ ਜੂਝਣਾ ਅਤੇ ਉਹਨਾਂ ਨੂੰ ਵੰਗਾਰਨਾ ਕੋਈ ਸੌਖਾ ਕੰਮ ਨਹੀਂ ਅਤੇ ਉਹਨਾਂ ਨੂੰ ਉਖੇੜਨ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੀ ਲੋੜ ਵੀ ਪੈ ਸਕਦੀ ਹੈ। ਇਸੇ ਵਾਸਤੇ ਉਹਨਾਂ ਨੇ ਚਿਤਾਵਨੀ ਦਿੱਤੀ ਕਿ ਜੋ ਕੋਈ ਵੀ ਉਹਨਾਂ ਦੇ ਰਸਤੇ ਤੇ ਚੱਲਣ ਦਾ ਚਾਹਵਾਨ ਹੈ ਤਾਂ ਉਸ ਨੂੰ ਹੌਸਲੇ ਅਤੇ ਹਿੰਮਤ ਨੂੰ ਪੱਲੇ ਬੰਨ੍ਹ ਕੇ ਆਪਣੀ ਜਾਨ ਤੱਕ ਦੀ ਬਾਜ਼ੀ ਲਾਉਣ ਵਾਸਤੇ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।

ਜੇ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥




ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਉਹਨਾਂ ਠੇਕੇਦਾਰਾਂ ਨੂੰ ਜਿਹੜੇ ਧਰਮ ਦੇ ਨਾਂ ਤੇ ਲੋਕਾਂ ਨੂੰ ਠੱਗ ਰਹੇ ਸਨ, ਪਹਿਲੇ ਪਹਿਲ ਸੁਲਤਾਨਪੁਰ ਵਿਖੇ ਵੰਗਾਰਿਆ ਜਦੋਂ ਉਹਨਾਂ ਨੇ ਉਹਨਾਂ ਦਾ ਪਾਜ ਖੋਲ੍ਹਦਿਆਂ ਫੁਰਮਾਇਆ:

ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ ॥

ਇਹਨਾਂ ਸਧਾਰਨ ਸ਼ਬਦਾਂ ਦੀ ਬੁੱਕਲ ਵਿੱਚ ਇੱਕ ਐਸਾ ਇਨਕਲਾਬ ਲੁਕਿਆ ਹੋਇਆ ਸੀ, ਜਿਸ ਨੂੰ ਉਸ ਵੇਲੇ ਦੇ ਅਕਲ ਦੇ ਅੰਧੇ ਛੇਤੀ ਪਹਿਚਾਣ ਨਾ ਸਕੇ ਅਤੇ ਗੁਰੂ ਸਾਹਿਬ ਨੂੰ 'ਦੀਵਾਨਾ' ਤੱਕ ਕਹਿ ਦਿੱਤਾ, ਪਰੰਤੂ ਥੋੜ੍ਹੇ ਹੀ ਸਮੇਂ ਬਾਅਦ ਇਸੇ ਇਨਕਲਾਬ ਨੇ ਇਹਨਾਂ ਗੈਰ ਇਨਸਾਨੀ ਅਖੌਤੀ ਧਾਰਮਿਕ ਆਗੂਆਂ ਨੂੰ ਉਖੇੜ ਕੇ ਇੱਕ ਨਵੀਂ ਅਤੇ ਸੁਚੱਜੀ ਜੀਵਨ ਜਾਚ ਦਾ ਸ਼ਾਨਦਾਰ ਮਹਲ ਉਸਾਰਿਆ।

ਗੁਰੂ ਨਾਨਕ ਦੇਵ ਜੀ ਪਹਿਲੇ ਪੈਗੰਬਰ ਸਨ ਜਿਸ ਨੇ ਪਹਿਲੀ ਵਾਰੀ ਇਹ ਪਹਿਚਾਨਿਆ ਕਿ ਸਿਆਸੀ ਅਧੋਗਤੀ ਦੇ ਮਾਹੌਲ ਵਿੱਚ ਕੋਈ ਵੀ ਧਰਮ ਅਤੇ ਸਮਾਜ ਹਮੇਸ਼ਾ ਵਾਸਤੇ ਸੁਰਖਸ਼ਤ ਨਹੀਂ ਰਹਿ ਸਕਦਾ। ਇਸ ਵਾਸਤੇ ਉਹਨਾਂ ਨੇ ਇੱਕ ਐਸੇ ਰਾਜਸੀ ਢਾਂਚੇ ਦੀ ਜਰੂਰਤ ਤੇ ਬਲ ਦਿੱਤਾ ਜਿਹੜਾ ਮੁੱਢਲੇ ਮਨੁੱਖੀ ਅਧਿਕਾਰਾਂ ਨੂੰ ਸਤਿਕਾਰ, ਉਹਨਾਂ ਦੀ ਰਾਖੀ ਕਰ ਸਕੇ। ਇਸ ਉਦੇਸ਼ ਨਾਲ ਉਹਨਾਂ ਨੇ ਭੇਖੀ ਅਤੇ ਪਾਖੰਡੀ ਧਾਰਮਿਕ ਆਗੂਆਂ ਦੇ ਨਾਲ ਨਾਲ ਆਚਰਣ ਹੀਨ ਅਤੇ ਜ਼ਾਲਮ ਰਾਜਸੀ ਆਗੂਆਂ ਦੇ ਮੂੰਹ ਤੋਂ ਵੀ ਨਕਾਬ ਉਠਾ ਕੇ ਉਹਨਾਂ ਨੂੰ ਲੋਕਾਂ ਦੇ ਸਾਹਮਣੇ ਉਹਨਾਂ ਦੇ ਅਸਲੀ ਰੰਗ ਵਿੱਚ ਪੇਸ਼ ਕੀਤਾ।

ਰਾਜੇ ਸ਼ੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ।

ਜਿਸ ਸਮੇਂ ਰਾਜੇ ਮਹਾਰਾਜਾ ਆਪਣੇ ਆਪ ਨੂੰ ਪਰਮਾਤਮਾ ਦਾ ਰੂਪ ਦੱਸ ਕੇ ਸਧਾਰਨ ਅਤੇ ਭੋਲੇ ਭਾਲੇ ਲੋਕਾਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾ ਰਹੇ ਸੀ ਉਸ ਵੇਲੇ ਉਹਨਾਂ ਨੂੰ ਕੁੱਤੇ ਅਤੇ ਸ਼ੀਂਹ ਕਹਿਣ ਜਿੱਥੇ ਇੱਕ ਬੜੇ ਵੱਡੇ ਇਨਕਲਾਬ ਦਾ ਬਿਗਲ ਵਜਾਉਣਾ ਸੀ ਉਥੇ ਨਾਲ ਹੀ ਇੱਕ ਬਹੁਤ ਵੱਡੇ ਅਤੇ ਸ਼ਕਤੀਸ਼ਾਲੀ ਖਤਰੇ ਨੂੰ ਮੁੱਲ ਲੈਣਾ ਵੀ ਸੀ, ਜਿਹੜਾ ਜਾਨ ਲੇਵਾ ਵੀ ਸਾਬਤ ਹੋ ਸਕਦਾ ਸੀ, ਪ੍ਰੰਤੂ ਲੋਕਾਂ ਨੂੰ ਨਿਡਰ ਤਾਂ ਹੀ ਬਣਾਇਆ ਜਾ ਸਕਦਾ ਸੀ ਜੇ ਉਹਨਾਂ ਸਾਮਹਣੇ ਆਪਣੀ ਨਿਡਰਤਾ ਦਾ ਸਬੂਤ ਰੱਖਿਆ ਜਾਵੇ। ਇਸ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਬਿਨਾਂ ਕਿਸੇ ਡਰ ਅਤੇ ਲਗ ਲਪੇਟ ਦੇ ਲੋਧੀ ਅਤੇ ਬਾਬਰ ਵਰਗੇ ਸ਼ਕਤੀਸ਼ਾਲੀ ਅਤੇ ਕਠੋਰ ਚਿੱਤ ਹਾਕਮਾਂ ਨੂੰ ਉਹਨਾਂ ਦੇ ਮੂੰਹ ਤੇ ਜ਼ਾਲਮ ਅਤੇ ਜਾਬਰ ਆਖਿਆ ਅਤੇ ਚਿਤਾਵਨੀ ਦਿੱਤੀ ਕਿ ਜੇ ਉਹਨਾਂ ਨੇ ਜ਼ੁਲਮ ਦਾ ਰਾਹ ਨਾ ਛੱਡਿਆ ਤਾਂ ਉਹਨਾਂ ਦਾ ਉਹ ਹਸ਼ਰ ਹੋਵੇਗਾ ਕਿ ਉਹਨਾਂ ਲਈ ਦੋ ਹੰਝੂ ਤੱਕ ਵਗਾਣ ਵਾਲਾ ਵੀ ਕੋਈ ਨਹੀਂ ਹੋਵੇਗਾ। ਦੂਜੇ ਪਾਸੇ ਸੈਂਕੜੇ ਸਾਲਾਂ ਤੋਂ ਚੁੱਪ ਚਾਪ ਜ਼ੁਲਮ ਅਤੇ ਜਬਰ ਦਾ ਸ਼ਿਕਾਰ ਹੋਏ ਮਾਸੂਮ ਲੋਕਾਂ ਨੂੰ ਅਗਿਆਨ ਦੀ ਨੀਂਦ ਤੋਂ ਜਗਾਇਆ ਅਤੇ ਸਪੱਸ਼ਟ ਕੀਤਾ ਕਿ ਰਾਜੇ ਰੱਬ ਦਾ ਰੂਪ ਨਹੀਂ। ਉਹਨਾਂ ਦੇ ਹੀ ਬਣਾਏ ਹਨ ਅਤੇ ਉਹਨਾਂ ਦੇ ਸੇਵਾਦਾਰ ਹਨ ਜੇ ਇਹ ਉਹ ਚੰਗਾ ਪ੍ਰਬੰਧ ਨਹੀਂ ਦੇ ਸਕਦੇ ਤਾਂ ਇਹਨਾਂ ਨੂੰ ਤਖਤ ਤੇ ਬੈਠਣ ਦਾ ਕੋਈ ਹੱਕ ਨਹੀਂ।

'ਤਖਤ ਬਹੈ ਤਖੇਤੇ ਕੇ ਲਾਇਕ।'

ਸਿਰਫ ਉਹ ਹੀ ਤਖਤ ਤੇ ਬੈਠਣ ਦਾ ਹੱਕਦਾਰ ਹੈ ਜੋ ਪਰਜਾ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾ ਸਕੇ ਅਤੇ ਉਸ ਦੇ ਮੁੱਢਲੇ ਜਨਮ ਅਧਿਕਾਰਾਂ ਦੀ ਰਾਖੀ ਕਰ ਸਕੇ।

ਗੁਰੂ ਸਾਹਿਬ ਨੇ ਸਚਿਆਰਤਾ, ਸਮਤਾ ਅਤੇ ਅਡੋਲਤਾ ਦੇ ਗੁਣਾਂ ਤੇ ਬਲ ਦਿੱਤਾ ਅਤੇ ਇੱਕ ਪਰਮਾਤਮਾ ਤੇ ਦ੍ਰਿੜ ਵਿਸ਼ਵਾਸ਼ ਰੱਖ ਕੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਗਾਡੀ ਰਾਹ ਦਰਸਾਇਆ ਜਿਸ ਤੇ ਚੱਲ ਕੇ ਹੀ ਇਨਸਾਨ ਲਈ ਬਹੁ-ਪੱਖੀ ਅਧਿਆਤਮਕ ਅਤੇ ਸੰਸਾਰਕ ਉਨਤੀ ਮੁਮਕਿਨ ਹੋ ਸਕਦੀ ਹੈ। ਗੁਰੂ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ ਕਿ ਇੱਕ ਨਿਰਬਲ ਅਤੇ ਰੋਗੀ ਸਮਾਜ ਰਿਸ਼ਟ ਪੁਸ਼ਟ ਅਤੇ ਅਰੋਗ ਇਨਸਾਨ ਨੂੰ ਜਨਮ ਕਦਾਚਿਤ ਨਹੀਂ ਦੇ ਸਕਦਾ। ਇਸੇ ਵਾਸਤੇ ਉਹਨਾਂ ਨੇ ਉਚ-ਨੀਚ, ਜਾਤ-ਪਾਤ, ਕੂੜ-ਕਪਟ ਨੂੰ ਦੂਰ ਕਰ ਸਮਾਨਤਾ ਅਤੇ ਬਰਾਬਰੀ ਦੇ ਆਧਾਰ ਤੇ ਆਪਸੀ ਵਿਸ਼ਵਾਸ ਅਤੇ ਭਾਈਚਾਰੇ ਤੇ ਜ਼ੋਰ ਦਿੱਤਾ। ਜਿਸ ਇਸਤਰੀ ਜਾਤੀ ਨੂੰ ਸਦੀਆਂ ਤੋਂ ਦੁਰਕਾਰਿਆ ਜਾ ਰਿਹਾ ਸੀ, ਉਸ ਨੂੰ ਗੁਰੂ ਸਾਹਿਬ ਨੇ ਮਨੁੱਖੀ ਸਮਾਜ ਦਾ ਮੁੱਢਲਾ ਅਤੇ ਸਤਿਕਾਰ ਯੋਗ ਅੰਗ ਦੱਸਿਆ —

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰੀ ਇਨਸਾਨ ਨੂੰ ਇੱਕ ਬਹੁ-ਪੱਖੀ, ਸੁਤੰਤਰ ਅਤੇ ਸੰਤੁਲਤ ਜੀਵਨ-ਜਾਂਚ ਦਾ ਧਾਰਨੀ ਬਣਾਇਆ। ਉਹ ਇੱਕ ਯੁਗ ਦੀ ਉਪਜ ਨਹੀਂ ਸਗੋਂ ਇੱਕ ਨਵੇਂ ਪ੍ਰਕਾਸ਼-ਮਈ ਯੁਗ ਦੇ ਨਿਰਮਾਤਾ ਸਨ ———

ਸਤਿਗੁਰ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

---

(ਪੰਨਾ 16 ਦੀ ਬਾਕੀ)

ਚਾਹੁੰਦੀ ਹੈ ਕਿ ਸਾਡੀ ਕਮਿਊਨਿਟੀ ਦੇ ਲੋਕ ਆਪਣੀਆਂ ਅਸਲੀ ਮੁਸ਼ਕਲਾਂ ਵੱਲ ਧਿਆਨ ਦੇਣ। ਜਿਵੇਂ :— ਨਸਲਵਾਦ, ਖੇਤਾਂ ਵਿਚ ਖੇਤ ਮਜ਼ਦੂਰਾਂ ਦੀ ਲੁੱਟ, ਪੰਜਾਬੀ ਬੱਚਿਆਂ ਦੇ ਸਕੂਲਾਂ ਵਿਚ ਮਾੜੇ ਨਤੀਜੇ ਆਦਿ। ਉਨ੍ਹਾਂ ਕਿਹਾ ਕਿ ਕਵੀ ਗੁਰਚਰਨ ਰਾਮਪੁਰੀ ਤੇ ਹੋਇਆ ਇਹ ਹਮਲਾ ਸਾਰੇ ਲੇਖਕਾਂ ਦੀ ਲਿਖਣ, ਬੋਲਣ ਦੀ ਆਜ਼ਾਦੀ ਨੂੰ ਚੈਲਿੰਜ ਹੈ ਅਤੇ ਸਾਰੇ ਲੇਖਕਾਂ ਅਤੇ ਲੇਖਕ ਜਥੇਬੰਦੀਆਂ ਨੂੰ ਇਸ ਚੈਲਿੰਜ ਨੂੰ ਕਬੂਲ ਕਰਨਾ ਚਾਹੀਦਾ ਹੈ। ਅਸੀਂ ਲੇਖਕਾਂ ਦਾ ਇਕ ਗਰੁਪ ਹੁੰਦੇ ਹੋਏ ਇਸ ਚੈਲਿੰਜ ਨੂੰ ਸਵੀਕਾਰ ਕਰਦੇ ਹਾਂ।"

ਇਪਾਨਾ ਦੇ ਪ੍ਰਧਾਨ ਹਰਿੰਦਰ ਮਾਹਿਲ ਨੇ ਸਭ ਤੋਂ ਪਹਿਲਾਂ ਲੋਕ ਸਦਭਾਵਨਾ ਮੰਚ ਨੂੰ ਇਸ ਤਰ੍ਹਾਂ ਦੀ ਮੀਟਿੰਗ ਕਰਨ ਲਈ ਵਧਾਈ ਦਿਤੀ। ਕਿਉਂਕਿ ਇਹ ਮੀਟਿੰਗ ਇਸ ਸੰਕਟ ਭਰੇ ਸਮੇਂ ਵਿਚ ਇਸ ਤਰ੍ਹਾਂ ਦੀ ਪਹਿਲੀ ਮੀਟਿੰਗ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨੇੜ ਭਵਿਖ ਵਿਚ ਬਾਕੀ ਦੀਆਂ ਜਥੇਬੰਦੀਆਂ ਵੀ ਅਜਿਹੀਆਂ ਹੋਰ ਮੀਟਿੰਗਾਂ ਕਰਨਗੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪਹਿਲਾਂ ਹੀ ਭਾਰਤ ਦੀ ਸਰਕਾਰ ਵਲੋਂ ਪੰਜਾਬ ਉਪਰ ਕੀਤੇ ਫੌਜੀ ਹਮਲੇ ਦੀ ਨਿਖੇਧੀ ਕਰ ਚੁਕੀ ਹੈ ਅਤੇ ਸਮਝਦੀ ਹੈ ਹਰ ਡੈਮੋਕਰੈਟਿਕ ਸੰਸਥਾ ਨੂੰ ਇਸ ਦੀ ਨਿਖੇਧੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਵੀ ਗੁਰਚਰਨ ਰਾਮਪੁਰੀ ਤੇ ਹੋਇਆ ਹਮਲਾ, ਲੋਕਾਂ ਦੀ ਲਿਖਣ ਅਤੇ ਬੋਲਣ ਦੀ ਆਜ਼ਾਦੀ ਤੇ ਹਮਲਾ ਹੈ। ਇਸ ਲਈ ਸਚਾਈ ਵਿਚ ਯਕੀਨ ਰੱਖਣ ਵਾਲੇ ਲੋਕਾਂ ਨੂੰ ਅਜਿਹੇ ਹਮਲਿਆਂ ਤੋਂ ਡਰਨਾ ਨਹੀਂ ਚਾਹੀਦਾ ਅਤੇ ਵਿਚਾਰ ਲੋਕਾਂ ਵਿਚ ਇਹ ਆਜ਼ਾਦੀ ਨਾਲ ਪ੍ਰਗਟਾਉਣ ਤੋਂ ਝਿਜਕਣਾ ਨਹੀਂ ਚਾਹੀਦਾ।

ਸਮਾਨਤਾ ਵਲੋਂ ਸੁਰਜੀਤ ਕਲਸੀ ਹੁਰਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਲੋਕ ਸਦਭਾਵਨਾ ਮੰਚ ਦੇ ਆਸ਼ਿਆਂ ਦੀ ਸਪੋਰਟ ਕਰਦੀ ਹੈ। ਉਨ੍ਹਾਂ ਕਿਹਾ ਇਸ ਸਮੇਂ ਕਮਿਊਨਿਟੀ ਦੇ ਲੋਕਾਂ ਦੀਆਂ ਅਸਲੀ ਸਮੱਸਿਆਵਾਂ, ਜਿਵੇਂ ਔਰਤਾਂ ਉਪਰ ਹਿੰਸਾ ਦੀਆਂ ਸਮੱਸਿਆਵਾਂ ਇਸ ਫਿਰਕੂ ਤਨਾਅ ਵਿਚ ਗੁਆਚ ਕੇ ਰਹਿ ਗਈਆਂ ਹਨ। ਸਾਨੂੰ ਇਨ੍ਹਾਂ ਸਮੱਸਿਆਵਾਂ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਕਿਹਾ ਕਿ ਸਾਡੀ ਕਮਿਊਨਿਟੀ ਬਹੁਗਿਣਤੀ ਕੰਮ ਕਰਨ ਵਾਲੇ ਲੋਕਾਂ ਦੀ ਹੈ। ਸਾਨੂੰ ਇਹ ਸਵਾਲ ਉਠਾਉਣੇ ਚਾਹੀਦੇ ਹਨ ਜਿਨ੍ਹਾਂ ਮਸਲਿਆਂ ਦਾ ਇਹ ਕੁਝ ਲੋਕ ਪਰਚਾਰ ਕਰਦੇ ਹਨ ਕੀ ਉਨ੍ਹਾਂ ਦੀ ਪੂਰਤੀ ਨਾਲ (1) ਖੇਤਾਂ ਵਿਚ ਖੇਤ ਮਜ਼ਦੂਰਾਂ ਦੀ ਲੁੱਟ ਖਤਮ ਹੋ ਜਾਵੇਗੀ। (2) ਕੀ ਖੇਤ ਮਜ਼ਦੂਰਾਂ ਨਾਲ ਏਥੋਂ ਦੀਆਂ ਸਰਕਾਰਾਂ ਵਲੋਂ ਹੁੰਦਾ ਕਾਨੂੰਨੀ ਵਿਤਕਰਾ ਖਤਮ ਹੋ ਜਾਵੇਗਾ। (3) ਕੀ ਸਾਡੇ ਨਾਲ ਨਸਲੀ ਵਿਤਕਰਾ ਖਤਮ ਹੋ ਜਾਵੇਗਾ। ਉਹਨਾਂ ਕਿਹਾ ਸਾਡੇ ਲਈ ਇਹਨਾਂ ਅਹਿਮ ਮਸਲਿਆਂ ਬਾਰੇ ਸੋਚਣਾ ਵੀ ਜ਼ਰੂਰੀ ਹੈ।

ਉਜੱਲ ਦੁਸਾਂਝ ਹੋਰਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, "ਸਾਡੀ ਕਮਿਊਨਿਟੀ ਵਿਚ 'ਕੁਝ ਲੋਕ ਅਜਿਹੇ ਹਨ ਜੋ ਇਹ ਸਮਝਦੇ ਹਨ ਕਿ ਜਿਹੜੇ ਲੋਕ ਉਹਨਾਂ ਨਾਲ ਸਹਿਮਤ ਨਹੀਂ ਹਨ, ਉਹਨਾਂ ਨੂੰ ਲਿਖਣ ਬੋਲਣ ਦਾ ਕੋਈ ਹੱਕ ਨਹੀਂ। ਲੇਖਕ ਗੁਰਚਰਨ ਰਾਮਪੁਰੀ ਤੇ ਹੋਇਆ ਹਮਲਾ ਇਨ੍ਹਾਂ ਦੀ ਇਸ ਸੋਚ ਦਾ ਹੀ ਸਿੱਟਾ ਹੈ। ਸਾਨੂੰ ਉਨ੍ਹਾਂ ਦੀ ਇਸ ਸੋਚ ਦਾ ਵਿਰੋਧ ਕਰਨਾ ਚਾਹੀਦਾ ਹੈ। ਅਤੇ ਇਨ੍ਹਾਂ ਦੇ ਇਸ ਤਰ੍ਹਾਂ ਦੇ ਹਮਲਿਆਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਨੇਡੀਅਨ ਚਾਰਟਰਡ ਆਫ ਰਾਈਟਸ ਵਿਚ ਹਰ ਇਕ ਲਈ ਲਿਖਣ ਬੋਲਣ ਦੀ ਆਜ਼ਾਦੀ ਦਰਜ ਹੈ, ਅਤੇ ਉਹ ਇਸ ਆਜ਼ਾਦੀ ਲਈ ਸਦਾ ਲੜਦੇ ਰਹਿਣਗੇ।"

(ਬਾਕੀ ਪੰਨਾ 8 ਤੇ)


## ਵਰ ਦੀ ਲੋੜ

ਜੱਟ ਸਿੱਖ ਪ੍ਰਵਾਰ ਦੀ 21 ਸਾਲ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 7 ਇੰਚ ਹੈ ਅਤੇ ਕਾਲਜ ਲੈਵਲ ਦੀ ਪੜ੍ਹਾਈ ਹੈ। ਲੜਕੀ ਇਕ ਬਹੁਤ ਚੰਗੇ ਪ੍ਰਵਾਰ ਨਾਲ ਸਬੰਧ ਰੱਖਦੀ ਹੈ। ਲੜਕੇ ਦਾ ਪੱਕੇ ਕੰਮ ਤੇ ਲੱਗੇ ਹੋਣਾ ਲਾਜ਼ਮੀ ਹੈ ਖਤ ਇਸ ਪਤੇ ਤੇ ਲਿਖੋ :

**B.C.J. (1056)**
**C/O The Canada Darpan**
**P.O.Box 67344 STN. O**
**Vancouver, B.C. V5W 3T1**



## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address....................................................
City.........................................................
Province...................................................
Postal code...............................................
PHONE.

| | |
|---|---|
| One Year .......................... | 20 dollars |
| Two Year .......................... | 35 dollars |
| Three year .......................... | 50 dollars |
| Life membership................. | 200 dollars |
| ASIA........................................ | 80 dollars(a year) |
| U.S.A. .................................... | 25 dollars(a year) |
| Europe ................................... | 80 dollars(a year) |
| Africa ..................................... | 80 dollars(a year) |

## ਪੰਜਾਬ 'ਚ ਚੋਣਾਂ ਦੂਜੇ ਰਾਜਾਂ ਦੇ ਨਾਲ ਹੀ — ਰਾਉ

ਗਵਾਲੀਅਰ — ਕੇਂਦਰੀ ਗ੍ਰਹਿ ਮੰਤਰੀ ਪੀ. ਵੀ. ਨਰਸਿਮਹਾ ਰਾਉ ਨੇ ਆਖਿਆ ਹੈ ਕਿ ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ ਦੂਜੇ ਰਾਜਾਂ ਦੇ ਨਾਲ ਹੀ ਕਰਾਈਆਂ ਜਾਣਗੀਆਂ। ਪਿਛਲੀ ਰਾਤ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ 'ਚ ਲੋਕਪ੍ਰਿਯ ਸਰਕਾਰ ਬਨਾਉਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਢੁਕਵੇਂ ਸਮੇਂ ਹੀ ਇਸ ਮੰਗ ਨੂੰ ਮੰਨਿਆ ਜਾਏਗਾ ਕਿਉਂਕਿ ਸਰਕਾਰ ਨੇ ਅਜੇ ਇਸ ਬਾਰੇ ਫੈਸਲਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਕਾਲੀ ਨੇਤਾਵਾਂ ਨਾਲ ਉਨ੍ਹਾਂ ਦੀਆਂ ਮੰਗਾਂ ਬਾਰੇ ਗੱਲਬਾਤ ਕਰਨ ਲਈ ਤਿਆਰ ਹੈ ਪਰ ਕੇਂਦਰ ਸਰਕਾਰ ਪੰਜਾਬ ਹਾਲਾਤ ਸੁਧਾਰਨ ਲਈ ਅਕਾਲੀਆਂ ਨੂੰ ਗੱਲਬਾਤ ਦਾ ਰਸਮੀ ਸੱਦਾ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਰਵੱਈਏ ਬਾਰੇ ਜਾਇਜ਼ਾ ਲੈ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੇਸਾਂ ਦਾ ਜਾਇਜ਼ਾ ਲੈਣ ਬਾਅਦ ਅਕਾਲੀ ਨੇਤਾਵਾਂ ਦੀ ਰਿਹਾਈ ਬਾਰੇ ਗੌਰ ਕੀਤਾ ਜਾਏਗਾ। ਉਨ੍ਹਾਂ ਆਖਿਆ ਕਿ ਦਹਿਸ਼ਤਪਸੰਦਾਂ ਨੂੰ ਕੁਚਲਿਆ ਜਾਏਗਾ।

ਸ੍ਰੀ ਰਾਉ ਨੇ ਆਖਿਆ ਕਿ ਭਾਰਤ ਪਾਕਿਸਤਾਨ ਬਾਰੇ ਦੋਹਰੀ ਨੀਤੀ ਨਹੀਂ ਅਪਣਾ ਰਿਹਾ। ਭਾਰਤ ਪਾਕਿਸਤਾਨ ਨੂੰ ਆਪਣਾ ਗੁਆਂਢੀ ਸਮਝਦਾ ਹੈ ਪਰ ਜਦ ਹੀ ਪਾਕਿਸਤਾਨ ਨੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ, ਤਾਂ ਉਸ ਦਾ ਸਖਤ ਨੋਟਿਸ ਲਿਆ ਗਿਆ।

## ਪੰਜਾਬ 'ਚ ਹੋਰ ਨਵੀਂ ਪਾਰਟੀ ਕਾਇਮ

ਜੈਤੋ — ਪੰਜਾਬ ਰਾਸ਼ਟਰੀ ਸੰਜੇ ਵਿਚਾਰ ਮੰਚ ਦੇ ਜਨਰਲ ਸਕੱਤਰ ਸ੍ਰੀ ਗੁਰਦੇਵ ਸਿੰਘ ਜੈਤੋ ਨੇ ਸੰਜੇ ਮੰਚ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿਤਾ ਹੈ ਅਤੇ ਪੰਜਾਬ ਪੱਧਰ ਉਤੇ ਨਵੀਂ ਪਾਰਟੀ ਬਣਾ ਲਈ ਹੈ ਜਿਸ ਦਾ ਨਾਂ ਭਗਤ ਸਿੰਘ ਕਿਰਤੀ ਦਲ ਰੱਖ ਲਿਆ ਹੈ।

ਜਦੋਂ ਪੱਤਰਕਾਰਾਂ ਨੇ ਉਨ੍ਹਾਂ ਤੋਂ ਇਹ ਪੁਛਿਆ ਕਿ ਉਨ੍ਹਾਂ ਦੀ ਪਾਰਟੀ ਦੇਸ਼ ਵਿਚ ਆ ਰਹੀਆਂ ਚੋਣਾਂ ਵਿਚ ਹਿਸਾ ਲਵੇਗੀ ਤਾਂ ਉਨ੍ਹਾਂ ਉਤਰ ਦਿਤਾ, "ਅਜੇ ਇਸ ਬਾਰੇ ਕੋਈ ਵਿਚਾਰ ਨਹੀਂ ਹੈ, ਪਰ ਸਾਡਾ ਦਲ ਰਾਜ, ਰਿਸ਼ਵਤ ਖੋਰੀ, ਬੇਰੁਜ਼ਗਾਰੀ, ਹਿੰਸਾ, ਜ਼ੁਲਮ ਜਬਰ ਅਤੇ ਬੇਇਜ਼ਤੀ ਵਿਰੁਧ ਟੱਕਰ ਲਏਗਾ।"

ਉਨ੍ਹਾਂ ਕਿਹਾ ਕਿ "ਭਗਤ ਸਿੰਘ ਕਿਰਤੀ ਦਲ" ਦੀ ਪਹਿਲੀ ਮੀਟਿੰਗ ਜੈਤੋ ਵਿਖੇ 4 ਨਵੰਬਰ ਦਿਨ ਦੇ ਦੋ ਵਜੇ ਹੋ ਰਹੀ ਹੈ। ਇਥੇ ਇਹ ਵਰਨਣਯੋਗ ਹੈ ਕਿ ਗੁਰਦੇਵ ਸਿੰਘ ਇਲਾਕੇ ਦੇ ਇਕ ਸਰਗਰਮ ਵਰਕਰ ਹਨ ਅਤੇ ਇਨ੍ਹਾਂ ਵਲੋਂ ਸੰਜੇ ਮੰਚ ਛੱਡਣ ਨਾਲ ਜ਼ਿਲਾ ਫਰੀਦਕੋਟ ਦੇ ਕਈ ਪਿੰਡਾਂ ਵਿਚ ਮੰਚ ਦਾ ਸਫਾਇਆ ਹੋ ਗਿਆ।

## ਸਰਹੱਦ ਸੀਲ ਕਰਨ ਦਾ ਕਦਮ ਠੀਕ - 'ਤਾਸ' ਏਜੰਸੀ ਦੀ ਰਾਏ

ਮਾਸਕੋ — ਰੂਸ ਦੀ ਸਮਾਚਾਰ ਏਜੰਸੀ 'ਤਾਸ' ਦੇ ਇਕ ਰਾਜਸੀ ਮਾਹਿਰ ਬੋਰਿਸ ਚੇਖਨਿਨ ਨੇ ਕਿਹਾ ਹੈ ਕਿ ਭਾਰਤ ਵਲੋਂ ਪਾਕਿ ਨਾਲ ਲਗਦੀ ਸਰਹੱਦ ਬੰਦ ਕਰਨ ਦੀ ਕਾਰਵਾਈ ਜਾਇਜ਼ ਸੀ। ਉਨ੍ਹਾਂ ਕਿਹਾ ਕਿ ਇਸ ਕਦਮ ਪਿਛੇ ਚੋਖੇ ਕਾਰਨ ਮੌਜੂਦ ਹਨ ਕਿਉਂਕਿ ਪਾਕਿਸਤਾਨ ਵਾਲੇ ਪਾਸਿਓਂ ਸਹਿਜੇ ਸਹਿਜੇ ਹਥਿਆਰਾਂ, ਜਾਸੂਸਾਂ ਤੇ ਭੰਨ ਤੋੜ ਕਰਨ ਵਾਲਿਆਂ ਦਾ ਭਾਰਤ ਵਿਚ ਆਉਣਾ ਜਾਰੀ ਸੀ। ਇਨ੍ਹਾਂ ਏਜੰਟਾਂ ਦਾ ਕੰਮ ਇਹ ਸੀ ਕਿ ਭਾਰਤ ਦੀ ਸੁਰਖਿਆ ਫੋਰਸ ਦੀ ਸਾਰੀ ਜਾਣਕਾਰੀ ਹਾਸਲ ਕੀਤੀ ਜਾਏ। ਇਹ ਜਾਣਕਾਰੀ ਹਾਸਲ ਕਰਨ ਦਾ ਉਦੇਸ਼ ਵਖਵਾਦੀ ਅਨਸਰਾਂ ਨੂੰ ਉਕਸਾਉਣਾ ਅਤੇ ਦੇਸ਼ ਵਿਚ ਗੜਬੜ ਵਾਲੀ ਸਥਿਤੀ ਪੈਦਾ ਕਰਨ ਲਈ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਕਰਨੀਆਂ ਹਨ।

ਸ੍ਰੀ ਚੇਖਨਿਨ ਅਨੁਸਾਰ ਇਸ ਕੰਮ ਪਿਛੇ ਵਾਸ਼ਿੰਗਟਨ ਦਾ ਹੱਥ ਹੈ ਜੋ ਪਾਕਿਸਤਾਨ ਦੀਆਂ ਗੁਪਤ ਏਜੰਸੀਆਂ ਨਾਲ ਰਲ ਕੇ ਇਹ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਦੀ ਇਕ ਹੋਰ ਨੀਤੀ ਇਹ ਹੈ ਕਿ ਭਾਰਤ ਦੇ ਵਕਾਰ ਨੂੰ ਕੌਮਾਂਤਰੀ ਭਾਈਚਾਰੇ ਵਿਚ ਡੇਗਿਆ ਜਾਏ।

## ਪੇਸ਼ਗੀ ਜ਼ਮਾਨਤ 'ਤੇ ਸੁਣਵਾਈ ਮੁਲਤਵੀ

ਨਵੀਂ ਦਿੱਲੀ — ਦਿੱਲੀ ਹਾਈ ਕੋਰਟ ਨੇ "ਐਸੋਸੀਏਟਿਡ ਪ੍ਰੈਸ" ਸਮਾਚਾਰ ਏਜੰਸੀ ਦੇ ਇਕ ਪੱਤਰਕਾਰ ਸ੍ਰੀ ਬ੍ਰਹਮ ਚੇਲਾਨੀ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਮੁਲਤਵੀ ਕਰ ਦਿਤੀ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਵਕੀਲ ਸ੍ਰੀ ਏ. ਐਨ. ਮੁਲਾ ਨੇ ਦਸਿਆ ਕਿ ਉਨ੍ਹਾਂ ਕੋਲ ਜ਼ਮਾਨਤ ਬਾਰੇ ਪੁਟੀਸ਼ਨ ਦੀ ਨਕਲ ਨਹੀਂ। ਮਾਨਯੋਗ ਜੱਜ ਨੇ ਸ੍ਰੀ ਚੇਲਾਨੀ ਦੇ ਵਕੀਲ ਨੂੰ ਕਿਹਾ ਕਿ ਸ੍ਰੀ ਮੁਲਾ ਨੂੰ ਪੁਟੀਸ਼ਨ ਦੀ ਨਕਲ ਦਿਤੀ ਜਾਏ।

## ਉਘੇ ਨਕਸਲੀ ਨੇਤਾ ਦੀ ਮੌਤ

ਕਲਕੱਤਾ — ਸੀ. ਪੀ. ਆਈ. (ਐਮ. ਐਲ.) ਦੇ ਨੇਤਾ ਐਸ. ਐਨ. ਸਿੰਘ ਦੀ ਵਿਸ਼ਾਖਾਪਟਨਮ ਦੇ ਕੇ. ਜੀ. ਹਸਪਤਾਲ ਵਿਚ ਮੌਤ ਹੋ ਗਈ। ਉਨ੍ਹਾਂ ਦੀ ਉਮਰ 62 ਵਰ੍ਹਿਆਂ ਦਾ ਸੀ। ਸ੍ਰੀ ਸਿੰਘ ਪਾਰਟੀ ਦੇ ਜਨਰਲ ਸਕੱਤਰ ਸਨ। ਉਹ ਇਸ ਤੋਂ ਪਹਿਲਾਂ ਸੀ. ਪੀ. ਆਈ. ਅਤੇ ਸੀ. ਪੀ. ਐਮ. ਨਾਲ ਵੀ ਸਬੰਧਿਤ ਰਹੇ ਹਨ।

## ਪੁਲੀਸ ਧੜੇਬੰਦੀ ਪੈਦਾ ਕਰ ਰਹੀ ਹੈ - ਚੋਪੜਾ

ਸੰਗਰੂਰ — ਪੰਜਾਬ ਵਿਧਾਨ ਸਭਾ ਵਿਚ ਕਮਿਊਨਿਸਟ ਪਾਰਟੀ (ਮਾਰਕਸੀ) ਵਿਧਾਇਕ ਦਲ ਦੇ ਨੇਤਾ ਸ੍ਰੀ ਚੰਦ ਸਿੰਘ ਚੋਪੜਾ ਨੇ ਜ਼ਿਲਾ ਪੁਲੀਸ 'ਤੇ ਲੋਕਾਂ 'ਚ ਫੁੱਟ ਪਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਪੁਲੀਸ ਮੁਲਾਜ਼ਮ ਆਪਣੇ ਸਵਾਰਥ ਲਈ ਪਿੰਡਾਂ ਵਿਚ ਧੜੇਬੰਦੀ ਪੈਦਾ ਕਰ ਰਹੇ ਹਨ।

ਸ੍ਰੀ ਚੋਪੜਾ ਨੇ ਦੋਸ਼ ਲਾਇਆ ਕਿ ਬੀਤੇ ਦਿਨ ਪੁਲੀਸ ਅਧਿਕਾਰੀਆਂ ਦੀ ਸ਼ਫੀਪੁਰ ਕਲਾਂ ਪਿੰਡ 'ਚ ਮੌਜੂਦਗੀ ਸਮੇਂ ਕੁਝ ਸ਼ਰਾਰਤੀਆਂ ਨੇ ਸ੍ਰੀ ਭਜਨ ਸਿੰਘ ਦੀ ਝੋਨੇ ਦੀ ਸਾਰੀ ਫਸਲ ਨੂੰ ਅੱਗ ਲਾ ਕੇ ਤਬਾਹ ਕਰ ਦਿਤਾ। ਉਨ੍ਹਾਂ ਕਿਹਾ ਕਿ ਪਿੰਡ ਟਿੱਬਾ ਵਿਚ ਕਮਿਊਨਿਸਟ ਵਰਕਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਅਤੇ ਤਖਤ ਕਲਾਂ ਪਿੰਡ ਦੇ ਸਰਪੰਚ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਸੇਖਾ ਅਤੇ ਠੀਕਰੀਵਾਲਾ ਵਿਚ ਵੀ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਅਤੇ ਪੁਲੀਸ ਦੋਸ਼ੀਆ ਵਿਰੁਧ ਕੋਈ ਕਾਰਵਾਈ ਨਹੀਂ ਕਰ ਰਹੀ। ਸ੍ਰੀ ਚੋਪੜਾ ਨੇ ਪੰਜਾਬ ਦੇ ਰਾਜਪਾਲ ਸ੍ਰੀ ਕੇ. ਟੀ. ਸਤਾਰਾਵਾਲਾ ਤੋਂ ਮੰਗ ਕੀਤੀ ਹੈ ਕਿ ਭ੍ਰਿਸ਼ਟ ਪੁਲੀਸ ਅਫਸਰਾਂ ਅਤੇ ਸਿਆਸਤਦਾਨਾਂ ਉਤੇ ਮੁਕੱਦਮੇ ਚਲਾਏ ਜਾਣ। ਉਨ੍ਹਾਂ ਕਿਹਾ ਕਿ ਭੁੱਠਲਾਂ ਪਿੰਡ ਦੇ ਸਾਬਕਾ ਸਰਪੰਚ ਕਰਤਾਰ ਸਿੰਘ ਦੀ ਕਪਾਹ ਵੀ ਸਾੜੀ ਗਈ ਹੈ ਪਰ ਪੁਲੀਸ ਨੇ ਉਸ ਸਬੰਧ ਵਿਚ ਵੀ ਕੋਈ ਕਾਰਵਾਈ ਨਹੀਂ ਕੀਤੀ।

## ਦੁਭਾਸ਼ੀਆਂ ਲਈ ਸੂਚਨਾ

ਲਿਖਤੀ ਤਰਜਮਾਂ ਕਰਨ ਵਾਲਿਆਂ ਲਈ ਸਾਰੇ ਕੈਨੇਡਾ ਦੇ ਪੱਧਰ ਤੇ ਅਗਲਾ ਸਾਲਾਨਾ ਇਮਤਿਹਾਨ ਜਨਵਰੀ 1985 ਵਿਚ ਹੋਵੇਗਾ। ਇਹ ਇਮਤਿਹਾਨ "ਕੌਂਸਲ ਔਫ ਟ੍ਰਾਂਸਲੇਟਰਜ਼ ਐਂਡ ਇਨਟਰਪਰੇਟਰਜ਼ ਔਫ ਕੈਨੇਡਾ" ਵੱਲੋਂ ਲਏ ਜਾਂਦੇ ਹਨ ਅਤੇ ਪਾਸ ਹੋਏ ਵਿਅਕਤੀਆਂ ਨੂੰ "ਸੁਸਾਇਟੀ ਔਫ ਟ੍ਰਾਂਸਲੇਟਰਜ਼ ਐਂਡ ਇਨਟਰਪਰੇਟਰਜ਼ ਔਫ ਬੀ. ਸੀ." ਦਾ ਸਰਟੀਫਿਕੇਟ ਮਿਲਦਾ ਹੈ। ਬੀ. ਸੀ. ਵਿਚ ਇਮਤਿਹਾਨ ਲਈ ਰਜਿਸਟਰ ਹੋਣ ਦੀ ਅਖੀਰਲੀ ਤਾਰੀਖ ਸ਼ੁੱਕਰਵਾਰ 23 ਨਵੰਬਰ 1984 ਹੈ।

ਹੋਰ ਜਾਣਕਾਰੀ ਲਈ ਸੁਸਾਇਟੀ ਦੇ ਦਫਤਰ ਨੂੰ 684-2940 ਤੇ ਜਾਂ ਜੈਕੋਲੀਨ ਹੋਆ ਨੂੰ 228-0549 ਤੇ ਫੋਨ ਕਰੋ।

## ਜੈਪੁਰ 'ਚ ਬੈਂਕ ਲੁੱਟਿਆ

ਜੈਪੁਰ, (ਯੂ. ਐਨ. ਆਈ.)—ਤਿੰਨ ਹਥਿਆਰਬੰਦ ਨੌਜਵਾਨਾਂ ਨੇ ਸਟੇਟ ਬੈਂਕ ਆਫ ਬੀਕਾਨੇਰ ਦੀ ਜੈਪੁਰ ਸਥਿਤ ਐਸ. ਐਮ. ਐਸ. ਬਰਾਂਚ 'ਚੋ 22 ਹਜ਼ਾਰ ਰੁਪਏ ਦੀ ਨਕਦੀ ਲੁੱਟ ਲਈ। ਉਹ ਨੌਜਵਾਨ ਖਾਲਿ-ਸਤਾਨ ਪੱਖੀ ਨਾਅਰੇ ਲਗਾ ਰਹੇ ਸਨ।


# WE SHARE THE GRIEF and SORROW OF THE INDIAN NATION



JIM PATTISON Pontiac Buick

3434 MAIN ST. VANCOUVER, B.C. Parlad Gill



# ਮਨੁੱਖੀ ਹੱਕ —
# ਲਿਖੇ ਅੱਖਰਾਂ ਨਾਲੋਂ ਵਧੇਰੇ

ਬ੍ਰਿਟਿਸ਼ ਕੋਲੰਬੀਆ ਵਿਚ ਵਿਤਕਰਾ ਗ਼ੈਰ-ਕਾਨੂੰਨੀ ਹੈ ਪਰ ਸੁਭਾਵਾਂ ਨੂੰ ਬਦਲਣ ਲਈ ਕਾਨੂੰਨ ਨਾਲੋਂ ਵਧੇਰੇ ਕੁਝ ਦੀ ਲੋੜ ਹੈ।

ਸਾਡੇ ਸੂਬੇ ਦਾ ਨਵਾਂ ਮਨੁੱਖੀ ਹੱਕ ਕਾਨੂੰਨ ਤੇ ਮਨੁੱਖੀ ਹੱਕਾਂ ਸਬੰਧੀ ਨਵੀਂ ਕੌਂਸਲ ਅਜੇਹੀ ਯੋਗਤਾ ਰਖਦੇ ਹਨ ਕਿ ਉਹ ਵਿਤਕਰੇ ਦੇ ਕੇਸਾਂ ਨੂੰ ਛੇਤੀ ਤੋਂ ਛੇਤੀ ਨਿਪਟਾ ਸਕਣਗੇ।

ਆਪਸੀ ਸਤਿਕਾਰ ਅਤੇ ਮਿਲਵਰਤਣ ਸਦਕਾ ਹੀ ਅਸੀਂ ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰ ਸਕਾਂਗੇ ਅਤੇ ਵਿਤਕਰੇ ਨੂੰ ਮਿਟਾ ਸਕਾਂਗੇ ............ ਹਮੇਸ਼ਾ ਹਮੇਸ਼ਾ ਲਈ।

ਮਨੁੱਖੀ ਹੱਕ। ਇਕ ਅਜੇਹੀ ਜ਼ਿੰਮੇਂਵਾਰੀ ਜਿਸਦੇ ਅਸੀਂ ਸਾਰੇ ਭਾਈਵਾਲ ਹਾਂ

BC Province of British Columbia
Ministry of Labour
Hon. Bob McClelland, Minister

# ਨਹਿਰ ਤੋੜਨ ਵਾਲੇ ਅਤਿਵਾਦੀਆਂ ਨੂੰ ਮਦਦ ਦੇਣ ਵਾਲੇ ਦਾ ਸੁਰਾਗ ਮਿਲਿਆ — ਛੇ ਤੋਂ ਵੱਧ ਹੋਰ ਕਾਬੂ

ਰੋਪੜ — ਭਾਖੜਾ ਨਹਿਰ ਤੋੜਨ ਸਬੰਧੀ ਫੜੇ ਗਏ ਕਥਿਤ ਅਤਿਵਾਦੀਆਂ ਨੂੰ ਮਾਲੀ ਸਹਾਇਤਾ ਦੇਣ ਵਾਲੇ ਵਿਅਕਤੀ ਦਾ ਵੀ ਪਤਾ ਲਗਾ ਲਿਆ ਗਿਆ ਹੈ। ਇਸ ਗੱਲ ਦਾ ਦਾਅਵਾ ਜ਼ਿਲਾ ਪੁਲੀਸ ਕਪਤਾਨ ਮੁਹੰਮਦ ਇਜ਼ਹਾਰ ਆਲਮ ਨੇ ਇਥੇ ਪੱਤਰਕਾਰਾਂ ਨੂੰ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੀਤਾ। ਸ੍ਰੀ ਆਲਮ ਮੁਤਾਬਿਕ ਮਾਲੀ ਮਦਦ ਦੇਣ ਵਾਲਾ ਵਿਅਕਤੀ ਖੰਨੇ ਦਾ ਇਕ ਵਪਾਰੀ ਹੈ ਤੇ ਉਹ ਚੰਨੀ ਦੇ ਨਾਂ ਨਾਲ ਪ੍ਰਸਿੱਧ ਹੈ। ਸ੍ਰੀ ਆਲਮ ਨੇ ਦੱਸਿਆ ਕਿ ਚੰਨੀ ਤੇ ਅਤਿਵਾਦੀਆਂ ਵਿਚਕਾਰ ਵਰਿੰਦਰ ਸਿੰਘ ਤੇ ਉਸ ਦਾ ਭਰਾ ਰਜਿੰਦਰ ਸਿੰਘ ਰਾਣਾ ਰਾਹੀਂ ਤਾਲਮੇਲ ਸੀ। ਵਰਿੰਦਰ ਸਿੰਘ ਨੂੰ ਪੁਲੀਸ ਨੇ ਫੜ ਲਿਆ ਅਤੇ ਰਜਿੰਦਰ ਸਿੰਘ ਰਾਣਾ ਅਜੇ ਤਕ ਪੁਲੀਸ ਮੁਤਾਬਿਕ ਨਹੀਂ ਫੜਿਆ ਗਿਆ।

ਸ੍ਰੀ ਆਲਮ ਨੇ ਦਸਿਆ ਕਿ ਵਰਿੰਦਰ ਸਿੰਘ ਪਾਸੋਂ ਇਕ ਪਿਸਤੌਲ ਇਕ ਹੈਂਡ ਗਰਨੇਡ ਤੇ ਕੁਝ ਹੋਰ ਧਮਾਕਾਖੇਜ਼ ਹਥਿਆਰ ਬਰਾਮਦ ਹੋਏ। ਵਰਿੰਦਰ ਸਿੰਘ ਦੀ ਵੀ ਨਹਿਰ ਤੋੜਨ ਦੇ ਕੇਸ ਦੇ ਸਬੰਧ 'ਚ ਪੁਲੀਸ ਨੂੰ ਭਾਲ ਸੀ ਤੇ ਨਹਿਰ ਨਾਲ ਸਬੰਧਤ ਕੇਸ 'ਚ ਫੜਿਆ ਜਾਣ ਵਾਲਾ ਉਹ 11ਵਾਂ ਵਿਅਕਤੀ ਹੈ।

ਇਸ ਦੌਰਾਨ ਪੁਲੀਸ ਨੇ ਕੁਝ ਹੋਰ ਕਥਿਤ ਅਤਿਵਾਦੀ ਗ੍ਰਿਫਤਾਰ ਕੀਤੇ ਹਨ। ਸ੍ਰੀ ਆਲਮ ਮੁਤਾਬਿਕ ਕੋਟਲਾ ਨਿਹੰਗ ਦੇ ਸ੍ਰੀ ਗੁਰਵਿੰਦਰ ਸਿੰਘ ਨੂੰ ਫੜਿਆ ਹੈ ਤੇ ਉਸ ਤੋਂ 12 ਬੋਰ ਦੀ ਗੰਨ ਬਰਾਮਦ ਹੋਈ ਹੈ। ਪੁਲੀਸ ਅਨੁਸਾਰ 19 ਅਕਤੂਬਰ ਦੀ ਰਾਤ ਨੂੰ ਗੁਰਵਿੰਦਰ ਸਿੰਘ ਖਾਲਿਸਤਾਨ ਦੇ ਸਬੰਧ 'ਚ ਤਿੰਨ ਹੋਰ ਅਤਿਵਾਦੀਆਂ ਨਾਲ ਪੋਸਟਰ ਲਗਾ ਰਿਹਾ ਸੀ ਤੇ ਉਹ ਭੱਜਣ 'ਚ ਸਫਲ ਹੋ ਗਿਆ ਸੀ ਜਦ ਕਿ ਉਸ ਦੇ ਤਿੰਨ ਸਾਥੀ ਫੜ ਲਏ ਗਏ ਸਨ।


## ਕੰਨਿਆ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਉਮਰ 22 ਸਾਲ, ਲੰਬਾ ਕੱਦ ਸਾਊ ਸੁਭਾਅ ਖੂਬਸੂਰਤ ਜੋ ਕਿ ਇੰਡੀਆ ਹੈ ਦੇ ਵਾਸਤੇ ਕਨੇਡੀਅਨ ਇੰਮੀਗਰੇਂਟ ਲੜਕੀ ਦੀ ਜ਼ਰੂਰਤ ਹੈ। ਉਮਰ ਕੁਝ ਵੱਧ ਘੱਟ ਜਾਂ ਡਾਈਵੋਰਸ ਕੇਸ ਭੀ ਹੋਵੇ ਤਾਂ ਭੀ ਗੱਲਬਾਤ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਸੱਜਣ ਹੇਠ ਲਿਖੇ ਪਤੇ ਉਮਰ ਆਪਣਾ ਨਾਮ, ਐਡਰੈਸ ਤੇ ਫੋਨ ਨੰ: ਸਮੇਤ ਚਿੱਠੀ ਪੱਤਰ ਪਾਉਣ ਦੀ ਕ੍ਰਿਪਾ ਕਰਨ।

POST OFFICE
BOX 2863
WINNIPEG, MANITOBA R3C 4B4


# ਸ਼੍ਰੋਮਣੀ ਸਿੱਖ ਸੇਵਕ ਦਲ ਵਲੋਂ ਸੰਗਤ ਦੇ ਨਾਂ ਖੁਲ੍ਹੀ ਚਿੱਠੀ

ਸਤਿਕਾਰਯੋਗ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਸਭ ਸੰਗਤਾਂ ਜਾਣਦੀਆਂ ਹੀ ਹਨ ਕਿ ਪਹਿਲਾਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਕੋਈ ਚੋਣ ਨਹੀਂ ਸੀ ਹੁੰਦੀ, ਸੇਵਾਦਾਰ ਸੰਗਤਾਂ ਵਿਚੋਂ ਸਰਬ ਸੰਮਤੀ ਨਾਲ ਚੁਣੇ ਜਾਂਦੇ ਸਨ ਅਤੇ ਉਨ੍ਹਾਂ ਸੇਵਾਦਾਰਾਂ ਨੇ ਪਿਛਲੇ 75 ਸਾਲਾਂ ਵਿਚ ਸਾਡੀ ਕੌਮ ਦੀ ਅਧਥੱਕ ਸੇਵਾ ਕੀਤੀ। ਪਿਛਲੇ 6-7 ਸਾਲ ਤੋਂ ਹਰ ਸਾਲ ਵੋਟਾਂ ਨਾਲ ਕਮੇਟੀਆਂ ਚੁਣੀਆਂ ਜਾਂਦੀਆਂ ਆ ਰਹੀਆਂ ਹਨ, ਜਿਸ ਨਾਲ ਸਾਰੀ ਕੌਮ ਦੁਫਾੜ ਹੋਈ ਪਈ ਹੈ। ਪਿਛਲੇ ਸਾਲ ਅਸੀਂ ਇਕ ਨਿਰੋਲ ਧਾਰਮਿਕ ਅਤੇ ਸਾਂਝੀ ਸਲੇਟ ਨੇ ਚੋਣ ਵਿਚ ਹਿੱਸਾ ਲਿਆ ਸੀ। ਤਾਂ ਆਪ ਸੰਗਤਾਂ ਨੇ 49.68 ਪ੍ਰਤੀਸ਼ਤ ਸਾਡੀ ਸਲੇਟ ਨੂੰ ਵੋਟਾਂ ਪਾਈਆਂ ਅਤੇ 50.32 ਪ੍ਰਤੀਸ਼ਤ ਮੌਜੂਦਾ ਪ੍ਰਬੰਧਕ ਕਮੇਟੀ ਨੂੰ। ਮੌਜੂਦਾ ਪ੍ਰਬੰਧਕ ਕਮੇਟੀ ਨੂੰ ਸਾਡੇ ਤੋਂ ਸਿਰਫ 0.64 ਪ੍ਰਤੀਸ਼ਤ ਵੱਧ ਵੋਟਾਂ ਮਿਲੀਆਂ ਸਨ। ਉਹ ਵੀ ਬਾਅਦ ਵਿਚ ਮੰਨ ਲਿਆ ਗਿਆ ਸੀ ਕਿ ਚੋਣ ਕਰਵਾਉਣ ਅਤੇ ਮੈਂਬਰਸ਼ਿਪ ਦੀ ਭਰਤੀ ਵਿਚ ਕੁਝ ਤਰੁਟੀਆਂ ਰਹਿ ਗਈਆਂ ਸਨ, ਨਹੀਂ ਤਾਂ ਪਤਾ ਨਹੀਂ ਚੋਣ ਨਤੀਜਾ ਕੀ ਹੁੰਦਾ ਜੇ ਕਰ ਦੋਹਾਂ ਹੀ ਸਲੇਟਾਂ ਨੂੰ ਇਕੋ ਜਿਹੀਆਂ ਸਹੂਲਤਾਂ 1983 ਦੀ ਕਮੇਟੀ ਵਲੋਂ ਦਿਤੀਆਂ ਜਾਂਦੀਆ? ਇਥੋਂ ਤੱਕ ਕਿ ਕੋਰਟ ਨੇ ਵੀ ਕਈ ਸੁਝਾਅ ਦਿੱਤੇ ਸਨ ਜੋ ਸਾਲ 1984 ਦੀ ਕਮੇਟੀ ਨੇ ਨਹੀਂ ਮੰਨੇ।

ਜਦ ਜੂਨ, 1984 ਨੂੰ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਹੋਇਆ ਤਾਂ ਇਸ ਸਾਂਝੇ ਪੰਥਕ ਸੰਕਟ ਸਮੇਂ ਅਸੀਂ ਫੈਸਲਾ ਕੀਤਾ ਕਿ ਇਸ ਸਾਲ ਅਸੀਂ ਚੋਣ ਨਹੀਂ ਲੜਾਂਗੇ, ਸਗੋਂ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਵਾਂਗੇ। ਜੋ ਕਿ ਅਸੀਂ ਪਿਛਲੇ ਛੇ ਮਹੀਨਿਆਂ ਤੋਂ ਕਰਦੇ ਆ ਰਹੇ ਹਾਂ। ਕਮੇਟੀ ਵਲੋਂ ਜੋ ਵੀ ਪ੍ਰੋਗਰਾਮ ਪ੍ਰੋਟੈਸਟ ਕਰਨ ਦਾ. ਮੀਟਿੰਗਾਂ ਕਰਨ ਦਾ ਅਤੇ ਮਾਇਆ ਇਕੱਤਰ ਕਰਨ ਦਾ ਜਾਂ ਹੋਰ ਕੰਮ ਕੀਤੇ ਗਏ, ਸਾਡੇ ਵੱਲੋਂ ਸੇਵਾਦਾਰਾਂ ਨੇ ਇਨ੍ਹਾਂ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਬਿਨਾਂ ਕਿਸੇ ਝਿਜਕ ਤੋਂ ਮਿਲਵਰਤਣ ਦਿੱਤਾ। ਪੰਥਕ ਸੰਕਟ ਸਮੇਂ ਸਾਡਾ ਸਭ ਦਾ ਫਰਜ਼ ਹੀ ਬਣਦਾ ਹੈ ਕਿ ਅਸੀਂ ਇਕੱਠੇ ਹੋ ਕੇ ਸੇਵਾ ਕਰੀਏ ਅਤੇ ਆਪਣੇ ਆਪਸੀ ਮੱਤਭੇਦ ਭੁਲ ਕੇ ਏਕਤਾ ਨਾਲ ਕੰਮ ਕਰੀਏ।

ਪਿਛਲੇ ਕੁਝ ਸਮੇਂ ਤੋਂ ਅਸੀਂ ਦੇਖ ਰਹੇ ਹਾਂ ਕਿ ਕਮਿਊਨਿਟੀ ਵਿਚ ਕਈ ਕਿਸਮ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਅਤੇ ਗਈ ਗਲਤ ਕੰਮ ਕੀਤੇ ਅਤੇ ਕਰਵਾਏ ਜਾ ਰਹੇ ਹਨ। ਸਿੱਖਾਂ ਨੂੰ ਸਿੱਖਾਂ ਦੇ ਵਿਰੁਧ ਲੜਾਇਆ ਜਾ ਰਿਹਾ ਹੈ। ਅਸੀਂ ਇਸ ਤਰ੍ਹਾਂ ਦੇ ਡਰੈਕਟ ਐਕਸ਼ਨਾਂ ਦੇ ਬਿਲਕੁਲ ਵਿਰੁਧ ਹਾਂ, ਜਿਸ ਨਾਲ ਆਪਸੀ ਏਕਤਾ ਨੂੰ ਸੱਟ ਲਗੇ। ਕੈਨੇਡੀਅਨ ਕਮਿਊਨਿਟੀ ਵਿਚ ਸਾਡਾ ਨਾਮ ਗਿਰੇ, ਕਿਸੇ ਹੋਰ ਧਰਮ ਦੀ ਇੱਜ਼ਤ ਕਰਨ ਦੀ ਬਜਾਏ ਉਸ ਧਰਮ ਦੇ ਦਿਨ ਤਿਹਾਰਾਂ ਨੂੰ ਖਰਾਬ ਕੀਤਾ ਜਾਏ, ਅਸੀਂ ਐਸੇ ਕੰਮਾਂ ਦੇ ਬਿਲਕੁਲ ਵਿਰੁਧ ਹਾਂ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਏ ਪੰਥਕ ਸੰਕਟ ਦਾ ਏਕਤਾ ਨਾਲ ਮੁਕਾਬਲਾ ਕਰੀਏ ਅਤੇ ਕੌਮ ਨੂੰ ਕੋਈ ਸੁਚਜਾ ਪ੍ਰੋਗਰਾਮ ਦੇਈਏ ਅਤੇ ਇਥੇ ਆਪਣੀ ਸੁਸਾਇਟੀ ਦੀ ਚੜ੍ਹਦੀ ਕਲਾ ਲਈ ਉਪਰਾਲੇ ਕਰੀਏ।

ਅਸੀਂ ਸਮੂਹ ਸੰਗਤਾਂ ਨੂੰ ਅਤੇ ਖਾਸ ਕਰਕੇ ਮੌਜੂਦਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਾਂਗੇ ਕਿ ਇਸ ਸਾਲ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ ਪਰ 49.68 ਪ੍ਰਤੀਸ਼ਤ ਲੋਕਾਂ ਦੀ ਪ੍ਰਤੀਨਿਧਤਾ ਨੂੰ ਵੀ ਮਿਲਵਰਤਣ ਨਾਲ, ਏਕਤਾ ਨਾਲ ਸਾਂਝਾ ਪ੍ਰੋਗਰਾਮ ਚਲਾਉਣ ਲਈ ਭਰੋਸੇ ਵਿਚ ਲਿਆ ਜਾਵੇ। ਇਹ ਅੰਕੜੇ ਪਿਛਲੇ ਸਾਲ ਦੇ ਹਨ, ਇਸ ਸਮੇਂ ਇਹ ਏਕਤਾ ਦੀ ਆਵਾਜ਼ ਮਿਲਵਰਤਣ ਦੀ ਆਵਾਜ਼ ਅਤੇ ਪੰਥਕ ਆਵਾਜ਼ ਬਹੁਤ ਹੀ ਬੁਲੰਦ ਹੈ। ਸਾਡਾ ਮਿਲਵਰਤਣ ਦੇਣ ਦਾ ਮਤਲਬ ਕੇਵਲ ਪੰਥਕ ਸੰਕਟ ਨੂੰ ਹੱਲ ਕਰਨਾ ਹੀ ਨਹੀਂ ਹੈ ਸਗੋਂ ਸੁਸਾਇਟੀ ਦੀ ਬੇਹਤਰੀ ਲਈ, ਚੰਗੇ ਪ੍ਰਬੰਧ ਲਈ, ਆਪਸੀ ਭਰਾਤਰੀ ਭਾਵ ਲਈ ਵੀ ਬਹੁਤ ਲਾਹੇਵੰਦ ਹੋਵੇਗਾ।

ਪਿਛਲੇ ਕੁਝ ਸਮੇਂ ਤੋਂ ਕਮਿਊਨਿਟੀ ਵਿਚ ਚਰਚਾ ਹੈ ਕਿ ਚੋਣਾਂ ਦੀ ਬਜਾਏ ਇਸ ਸਾਲ ਜੋ ਵੀ ਸੰਗਤਾਂ ਨਾਮ ਪੇਸ਼ ਕਰਨ ਉਨ੍ਹਾਂ ਦੀਆਂ ਪਰਚੀਆਂ ਪਾ ਲਈਆਂ ਜਾਣ ਅਤੇ ਇਸ ਤਰਾਂ ਸਾਂਝੇ ਸੇਵਾਦਾਰ ਅਗਲੇ ਸਾਲ ਸੇਵਾ ਕਰਨ ਅਤੇ ਸਾਰੀਆਂ ਸੰਗਤਾਂ ਸਾਰਾ ਸਾਲ ਏਕਤਾ ਨਾਲ ਮਿਲਵਰਤਣ ਦੇਣ। ਜੋ ਵੀ ਸੰਗਤਾਂ ਯੋਗ ਸਮਝਣ ਕੀਤਾ ਜਾਵੇ, ਪਰ ਇਕ ਹੀ ਧੜੇ ਦੇ ਲੋਕਾਂ ਦਾ - ਇਕ ਹੀ ਪੱਖੀ ਸੋਚਣੀ ਨਾਲ - ਸੁਸਾਇਟੀ ਉਪਰ ਇਸ ਸਾਲ ਕਾਬਜ਼ ਰਹਿਣਾ ਯੋਗ ਨਹੀਂ ਹੋਵੇਗਾ। ਇਸ ਗੱਲ ਦਾ ਇਹ ਵੀ ਭਾਵ ਨਾ ਸਮਝਣਾ ਕਿ ਅਸੀਂ ਆਪ ਖੁਦ ਕਮੇਟੀ ਵਿਚ ਆਉਣਾ ਚਾਹੁੰਦੇ ਹਾਂ, ਬੇਸ਼ੱਕ ਸਾਡੇ ਵਿਚੋਂ ਕੋਈ ਵੀ ਨਾ ਆਵੇ। ਅਸੀਂ ਫੇਰ ਵੀ ਪੰਥਕ ਸੰਕਟ ਸਮੇਂ ਚੋਣਾਂ ਨਹੀਂ ਲੜਾਂਗੇ। ਪਰ ਸਿੱਖ ਕੌਮ ਦੀ ਏਕਤਾ ਲਈ ਸਾਂਝੀ ਕਮੇਟੀ ਬਨਾਉਣੀ ਜ਼ਰੂਰੀ ਹੈ ਤਾਂਕਿ ਕੌਮ ਵਿਚੋਂ ਤਣਾਉ ਘਟੇ ਅਤੇ ਕੋਈ ਉਸਾਰੂ ਕੰਮ ਕੀਤੇ ਜਾਣ।

ਹੁਣ ਸੰਗਤਾਂ ਆਪੇ ਹੀ ਦੇਖਣ ਕਿ ਕਮੇਟੀ ਵਾਲੇ ਕੀ ਮਿਲਵਰਤਣ ਦਿੰਦੇ ਹਨ, ਅਸੀਂ ਬੈਠ ਚੁਕੇ ਹਾਂ, ਕੀ ਇਹ ਹੁਣ ਵੀ ਇਨਸਾਫ ਕਰਨ ਲਈ ਤਿਆਰ ਹਨ ਜਾਂ ਨਹੀਂ। ਉਸ ਉਪਰੰਤ ਅਸੀਂ ਸੰਗਤਾਂ ਨਾਲ ਵਿਚਾਰ ਕਰਕੇ ਹੀ ਕੋਈ ਕਦਮ ਚੁਕਾਂਗੇ। ਕੋਈ ਗਿਲਤੀ ਹੋਵੇ ਤਾਂ ਮਾਫ ਕਰਨਾ ਜੀ।

ਸੰਗਤਾਂ ਦੇ ਸੇਵਾਦਾਰ
ਸ਼੍ਰੋਮਣੀ ਸਿੱਖ ਸੇਵਕ ਦਲ, ਵੈਨਕੂਵਰ ਬੀ. ਸੀ.

(ਪੰਨਾ 19 ਦੀ ਬਾਕੀ)

ਕੀਤੀ ਗਈ ਜੋ ਪੰਜਾਬ ਦੇ ਰਾਜਪਾਲ ਸ੍ਰੀ ਕੇ. ਟੀ. ਸਤਾਰਾਵਾਲਾ ਨੂੰ ਅਜਿਹੀਆਂ ਖ਼ਬਰਾਂ ਦੇ ਸਪਸ਼ਟੀਕਰਨ ਲਈ ਮਿਲੇਗੀ।

ਮੀਟਿੰਗ ਵਿਚ ਕੇਂਦਰ ਸਰਕਾਰ ਦੀ ਇਸ ਯੋਜਨਾ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਜਿਸ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਐਨ. ਸੀ. ਏ. ਆਰ. ਟੀ. ਦੀਆਂ ਕਿਤਾਬਾਂ ਆਪਣੇ ਵਿਦਿਆਰਥੀਆਂ ਲਈ ਲਗਾਉਣ ਦੀ ਸਿਫਾਰਸ਼ ਕੀਤੀ ਜਾ ਰਹੀ ਹੈ। ਇਸ ਗੱਲ ਦਾ ਖਦ ਸ਼ਾ ਪ੍ਰਗਟ ਕੀਤਾ ਗਿਆ ਕਿ ਅਜਿਹੀਆਂ ਪੁਸਤਕਾਂ ਬੱਚਿਆਂ ਨੂੰ ਆਪਣੇ ਸਭਿਆਚਾਰ ਤੇ ਪੰਜਾਬੀਅਤ ਬਾਰੇ ਵਾਕਫੀਅਤ ਨਹੀਂ ਦੇ ਸਕਣਗੀਆਂ। ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਵੀ ਕਿਹਾ ਗਿਆ ਕਿ ਪ੍ਰੀਖਿਆ ਲਈ ਮਾਧਿਅਮ ਦੇ ਸਵਾਲ 'ਤੇ ਬੋਰਡ ਆਪਣਾ ਸਟੈਂਡ ਪੱਕਾ ਰੱਖੇ।

ਕੇਂਦਰੀ ਪੰਜਾਬੀ ਲੇਖਕ ਸਭਾ ਨੇ ਇਸ ਮੰਗ ਨੂੰ ਫਿਰ ਦੁਹਰਾਇਆ ਹੈ ਕਿ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਯੋਗ ਸਥਾਨ ਦਿਤਾ ਜਾਵੇ ਤੇ ਰਾਜ ਭਾਸ਼ਾ ਐਕਟ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।.


WHEATON
PONTIAC BUICK GMC
LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ




ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇੱਕ ਵਾਰ ਦਰਸ਼ਨ ਜਰੂਰ ਦਿਓ।



Kuldip Singh Jhand

ਕੁਲਦੀਪ ਸਿੰਘ ਝੰਡ
ਨੂੰ ਫ਼ੋਨ ਕਰੋ ਜਾਂ ਮਿਲੋ
Bus. 526-2781
Res. 524-4137 Pager 687-7711 #7610
325 - 12th St., New Westminster, B.C.

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਅਦਿ ਹਨ- ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SUPER BUYS

## ਵੈਨਕੂਵਰ ਸਿਟੀ ਕੌਂਸਲ ਵਿਚ
## ਸੁਰਜੀਤ ਸਿੰਘ ਬੈਂਸ
## ਐਲਡਰਮੈਨ ਲਈ ਉਮੀਦਵਾਰ



### ਸੁਰਜੀਤ ਸਿੰਘ ਬੈਂਸ
### SURJIT SINGH BAINS

- ਜੋਕਿ ਵੈਨਕੂਵਰ ਤੋਂ ਆਲਡਰਮੈਨ ਦੀ ਸੀਟ ਲਈ ਉਮੀਦਵਾਰ ਹਨ,
- ਆਪ 3 ਸਾਲਾਂ ਤੋਂ ਵੈਨਕੂਵਰ ਸਾਊਥ ਵਿਚ ਐਨ. ਡੀ. ਪੀ. ਦੇ ਐਗਜ਼ੈਕਟਿਵ ਮੈਂਬਰ ਰਹਿ ਚੁੱਕੇ ਹਨ ਤੇ ਐਨ. ਡੀ. ਪੀ. ਦੇ ਪੁਰਾਣੇ ਐਕਟਿਵ ਮੈਂਬਰ ਹਨ,
- ਸੁਰਜੀਤ ਸਿੰਘ ਬੈਂਸ ਇੰਡੀਅਨ ਏਅਰ ਫੋਰਸ ਦੇ ਸਾਬਕਾ ਆਫੀਸਰ ਹਨ,
- ਆਪ ਪੁਲੀਟੀਕਲ ਸਾਇੰਸ ਦੀ ਐਮ. ਏ. ਹਨ ਤੇ ਅਜਕਲ ਕੰਪਿਊਟਰ ਅਉਟਪੁਟ ਦਾ ਕੰਮ ਕਰ ਰਹੇ ਹਨ,
- ਆਪ 20 ਸਾਲਾਂ ਤੋਂ ਰਾਜਨੀਤੀ ਵਿਚ ਆਮ ਲੋਕਾਂ ਦੇ ਹੱਕਾਂ ਲਈ ਹਿੱਸਾ ਲੈਂਦੇ ਰਹੇ ਹਨ ਅਤੇ ਕਮਿਊਨਿਟੀ ਦੇ ਮਸਲਿਆਂ ਵਿਚ ਕਾਫੀ ਸ਼ੌਕ ਨਾਲ ਭਾਗ ਲਿਆ ਹੈ।

**ਇਸ ਲਈ ਕਮਿਊਨਿਟੀ ਦੇ ਅਣਥੱਕ ਵਰਕਰ**
**ਸੁਰਜੀਤ ਸਿੰਘ ਬੈਂਸ**
**ਤੁਹਾਡੀ ਵੋਟ ਦੇ ਹੱਕਦਾਰ ਹਨ**


## ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸਰਕਾਰ ਨੂੰ ਤਾੜਨਾ

ਫਗਵਾੜਾ — ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਦੀ ਇਥੇ ਹੋਈ ਮੀਟਿੰਗ ਵਿਚ ਪੰਜਾਬ ਸਰਕਾਰ ਦੇ ਇਸ ਪ੍ਰਸਤਾਵਿਤ ਮਤੇ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਜਿਸ ਵਿਚ ਭਾਸ਼ਾ ਵਿਭਾਗ ਤੇ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਨੂੰ ਖਤਮ ਕਰਨ ਦੀ ਯੋਜਨਾ ਹੈ। ਮੀਟਿੰਗ ਦੀ ਪ੍ਰਧਾਨਗੀ ਸ੍ਰੀ ਸੰਤ ਸਿੰਘ ਸੇਖੋਂ ਨੇ ਕੀਤੀ। ਇਸ ਮੀਟਿੰਗ ਵਿਚ ਇਕ ਪੰਜ ਮੈਂਬਰੀ ਕਮੇਟੀ ਕਾਇਮ (ਬਾਕੀ ਪੰਨਾ 17 ਤੇ)

## ਸੀ. ਬੀ. ਆਈ. ਜਾਂਚ ਕਰੇਗੀ

ਰੋਪੜ, (ਸਰਬਜੀਤ ਸਿੰਘ)—ਭਾਖੜਾ ਮੁਖ ਨਹਿਰ ਤੋੜਨ ਦੀਆਂ ਘਟਨਾਵਾਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ ਵਲੋਂ ਆਪਣੇ ਹੱਥਾਂ ਵਿਚ ਲਏ ਜਾਣ ਦੀ ਸੰਭਾਵਨਾ ਹੈ।




## Real Plumbing & Electrical Supply

7211 Main St.(at 56th Ave.)
VANCOUVER, B.C. V5X 3J3




- ਸੇਲਜ਼ ਐਂਡ ਸਰਵਿਸ
- ਪਲੰਬਿੰਗ
- ਹੀਟਿੰਗ



- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ਼ ਇਨਸਟਾਲੇਸ਼ਨ

Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

**Ph. 324 - 7066**



# *Fly home with your airline.*



Air-India is the only airline with low cost direct flights to India.

When you fly direct, you can travel on the same airplane all the way. That means no waiting in unfamiliar airports, no missed connections, no lost luggage…no worries or complications.

**From Montréal.**
Every Saturday evening, we fly direct from Montréal's Mirabel Airport to Bombay and New Delhi. It's the only direct flight between Canada and India.

**From New York.**
Every day of the week, we fly from New York to Bombay and New Delhi via London. That means you can stop over in England, if you wish, for as many days as you want —for a family visit or some shopping and sightseeing.

Of course, wherever you live in Canada, there are many convenient connecting flights to Montréal and New York.

**Indian movies, music and food.**
On board our comfortable 747 aircraft, you'll enjoy world famous Maharajah Service, free Indian movies and music, and delicious Indian cuisine, vegetarian or non-vegetarian. Or you may choose one of our exciting continental meals.

**Book early and be sure!**
Call your Air-India travel agent. Or Air-India's general sales agent at the phone numbers below.



**AIR-INDIA**
**Direct flights from Montréal and New York**

**Montréal:** 842-1805 or toll-free 1 (800) 361-2813
**Toronto:** 865-1033 or toll-free 1 (800) 268-9582
**Vancouver:** 879-0271 or toll-free 1 (800) 663-3433

ਦੇਗ ਤੇਗ ਫਤਹਿ ॥ ੧ੴ ਸਤਿਗੁਰ ਪ੍ਰਸਾਦਿ ਪੰਥ ਕੀ ਜੀਤ ॥

## ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ

7050-120 ਸਟਰੀਟ, ਸਰੀ, ਬੀ. ਸੀ.

ਫ਼ੋਨ 594-4836

ਵੱਲੋਂ

## ਸੰਗਤਾਂ ਨੂੰ

# ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

# ਵਧਾਈ




# ਪ੍ਰੋਗਰਾਮ :

**ਅਖੰਡ ਪਾਠ ਸਾਹਿਬ ਦਾ ਆਰੰਭ — 9 ਨਵੰਬਰ, 1984 ਸਵੇਰੇ**

**ਅਖੰਡ ਪਾਠ ਸਾਹਿਬ ਦਾ ਭੋਗ — 11 ਨਵੰਬਰ, 1984 ਸਵੇਰੇ ਦਸ ਵਜੇ**

**ਕੀਰਤਨ : ਪ੍ਰੋ: ਚੰਨਣ ਸਿੰਘ ਜੀ ਸੇਵਕ**

**ਹਜ਼ੂਰੀ ਜੱਥਾ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ, ਗਿਆਨੀ ਕੁਲਦੀਪ ਸਿੰਘ ਦਾ ਜੱਥਾ**

**ਕਥਾ : ਸਿੰਘ ਸਾਹਿਬ ਪ੍ਰੀਤਮ ਸਿੰਘ ਜੀ, ਤਖਤ ਸ੍ਰੀ ਪਟਨਾ ਸਾਹਿਬ**

**ਉਪਰੰਤ ਪੰਥ ਦਾ ਪ੍ਰਸਿੱਧ ਢਾਡੀ ਜੱਥਾ ਗੁਰਦੀਪ ਸਿੰਘ ਸਾਜਨ ਜੀ ਦਾ ਜਥਾ ਸੰਗਤਾਂ ਦੀ ਸੇਵਾ ਕਰੇਗਾ ।**

### ਅੰਮ੍ਰਿਤ ਅਭਿਲਾਖੀਆਂ ਲਈ ਬੇਨਤੀ

ਗੁਰੂ ਘਰ ਡੈਲਟਾ-ਸਰੀ ਵਿਚ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕੀਤਾ ਗਿਆ ਹੈ । ਅੰਮ੍ਰਿਤ ਦੇ ਅਭਿਲਾਖੀ ਆਪਣੇ ਨਾਂ ਗੁਰੂ ਘਰ ਦੇ ਸੇਵਾਦਾਰਾਂ ਤੱਕ ਪੁਚਾ ਦੇਣ। ਅੰਮ੍ਰਿਤ ਪ੍ਰਚਾਰ ਸਮਾਗਮ ਐਤਵਾਰ ਨੂੰ ਹੋਵੇਗਾ ।